ਮੰਗਲਵਾਰ, 13 ਅਕਤੂਬਰ, 2026
27 ਅੱਸੂ { ਨਾਨਕਸ਼ਾਹੀ 558
ਬਿਕਰਮੀ 2083
ਜਿਲਦ/VOL. : 75
ਅੰਕ/NO. : 133

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 13 OCTOBER, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਜਮਹੂਰੀ ਤੇ ਸੈਕੂਲਰ ਵੋਟ ਵੰਡ ਰੋਕਣ ਦੀ ਲੋੜ : ਧਾਲੀਵਾਲ

## ਨੁਕਸਾਨੇ ਝੋਨੇ ਦੀ ਗਿਰਦਾਵਰੀ ਕਰਾ ਕੇ ਤੁਰੰਤ ਮੁਆਵਜ਼ਾ ਦਿੱਤਾ ਜਾਵੇ, ਪਹਿਲੀ ਤੋਂ ਤਿੰਨ ਦਸੰਬਰ ਨੂੰ ਜੇਲ੍ਹ ਭਰੋ ਅੰਦੋਲਨ

**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)**
ਪੰਜਾਬ ਸਟੇਟ ਕੌਂਸਲ ਸੀ ਪੀ ਆਈ ਦੀ ਦੋ ਰੋਜ਼ਾ ਮੀਟਿੰਗ 10 ਤੇ 11 ਅਕਤੂਬਰ ਨੂੰ ਇੱਥੇ ਪ੍ਰਿਥੀਪਾਲ ਸਿੰਘ ਮਾੜੀਮੇਘਾ, ਦਸਵਿੰਦਰ ਕੌਰ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਗਿਰੀਸ਼ ਸ਼ਰਮਾ ਅਤੇ ਰਾਮਾਕ੍ਰਿਸ਼ਨਾ ਦੋਵੇਂ ਕੌਮੀ ਸਕੱਤਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਪੰਜਾਬ ਤੋਂ ਸੀ ਪੀ ਆਈ ਦੇ ਕੌਮੀ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਵੀ ਹਾਜ਼ਰ ਸਨ। ਇਸ ਦੋ ਰੋਜ਼ਾ ਮੀਟਿੰਗ ਵਿੱਚ ਜਿਨ੍ਹਾਂ ਏਜੰਡਿਆਂ 'ਤੇ ਵਿਚਾਰ-ਵਟਾਂਦਰਾ ਕਰਕੇ ਫੈਸਲੇ ਲਏ ਗਏ, ਉਹਨਾਂ ਵਿੱਚ ਪੰਜਾਬ ਵਿੱਚ ਜਲਦੀ ਹੋਣ ਜਾ ਰਹੀਆਂ ਅਸੈਂਬਲੀ ਚੋਣਾਂ ਸੰਬੰਧੀ ਰਣਨੀਤੀ, ਕੇਂਦਰ ਦੀ ਮੋਦੀ ਸਰਕਾਰ ਵੱਲੋਂ ਚੁੱਕੇ ਜਾ ਰਹੇ ਲੋਕ ਵਿਰੋਧੀ ਕਦਮ ਅਤੇ ਧੱਕੇਸ਼ਾਹੀਆਂ ਦੇ ਵਿਰੁੱਧ ਜੇਲ੍ਹ ਭਰੋ ਅੰਦੋਲਨ, ਪਾਰਟੀ ਨੂੰ ਮਜ਼ਬੂਤ ਕਰਨ ਲਈ ਅਤੇ ਲੋਕ ਹਿੱਤਾਂ ਲਈ ਸਰਗਰਮੀ ਵਧਾਉਣਾ, ਪੰਜਾਬ ਸਰਕਾਰ ਦੀਆਂ ਨਾਕਾਮੀਆਂ, ਮੁਲਾਜ਼ਮਾਂ, ਮਜ਼ਦੂਰਾਂ, ਕਿਸਾਨਾਂ ਦੇ ਸੰਘਰਸ਼ਾਂ ਨੂੰ ਕੁਚਲਣ ਲਈ ਪੁਲਸ ਜਬਰ ਕਰਨਾ ਅਤੇ ਪੰਜਾਬ ਦੇ ਕੇਂਦਰ ਨਾਲ ਸੰਬੰਧਤ ਮੁੱਦੇ ਸ਼ਾਮਲ ਸਨ।

ਉਪਰੋਕਤ ਦਰਸਾਏ ਏਜੰਡਿਆਂ 'ਤੇ ਮੀਟਿੰਗ ਵਿੱਚ ਹੋਈ ਵਿਚਾਰ-ਚਰਚਾ ਅਤੇ ਫੈਸਲਿਆਂ ਸੰਬੰਧੀ ਅਤੇ ਭਵਿੱਖ ਦੀਆਂ ਸਰਗਰਮੀਆਂ ਦੀ ਸੰਖੇਪ ਵਿੱਚ ਜਾਣਕਾਰੀ ਦਿੰਦਿਆਂ ਪੰਜਾਬ ਸੀ ਪੀ ਆਈ ਦੇ ਸੂਬਾ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਦੱਸਿਆ ਕਿ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਸਾਲ 2027 ਵਿੱਚ ਸੰਭਾਵੀ ਤੌਰ 'ਤੇ ਫਰਵਰੀ ਮਹੀਨੇ ਦੇ ਅੱਧ ਵਿੱਚ ਹੋਣ ਦੀ ਸੰਭਾਵਨਾ ਜਾਪ ਰਹੀ ਹੈ।ਮੌਜੂਦਾ ਮਾਨ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਤ ਹੋਈ ਹੈ।ਇਹ ਸਰਕਾਰ ਆਰਥਿਕ, ਸਮਾਜਿਕ ਅਤੇ ਰਾਜਨੀਤਕ ਮਸਲਿਆਂ 'ਤੇ ਬੁਰੀ ਤਰਾਂ ਨਾਕਾਮ ਸਾਬਤ ਹੋ ਚੁੱਕੀ ਹੈ।ਪੰਜਾਬ ਵਿੱਚ ਚੋਣਾਂ ਹੋਣ ਸਮੇਂ ਤੱਕ ਕਰਜ਼ਾ ਲਗਭਗ ਪੰਜ ਲੱਖ ਕਰੋੜ ਰੁਪਏ ਹੋ ਚੁੱਕਾ ਹੋਵੇਗਾ, ਜਿਸ ਦਾ ਕੋਈ ਸਦਉਪਯੋਗ ਨਹੀਂ ਕੀਤਾ ਗਿਆ, ਸਗੋਂ ਫਜ਼ੂਲਖਰਚੀਆਂ ਅਤੇ ਗੈਰ-ਯੋਜਨਾਬੱਧ ਤਰੀਕੇ ਅਤੇ ਭ੍ਰਿਸ਼ਟਾਚਾਰ ਦੀ ਭੇਟ ਚੜ੍ਹਿਆ ਨਜ਼ਰ ਆਉਂਦਾ ਹੈ।ਸੂਬੇ ਵਿੱਚ ਨਾਮਾਤਰ ਹੀ ਵਿਕਾਸ ਹੋਇਆ ਹੈ। ਕਿਸਾਨੀ ਕਰਜ਼ਾ ਖਤਮ ਨਾ ਕਰਨਾ, ਮੁਲਾਜ਼ਮਾਂ ਦੇ ਕਾਨੂੰਨੀ






ਤੌਰ 'ਤੇ ਬਣਦੇ ਹੱਕ, ਜਿਵੇਂ ਕਿ 18% ਡੀ ਏ, ਪੇ ਕਮਿਸ਼ਨ ਦੇ ਬਕਾਏ ਨਾ ਦੇਣੇ, ਕੱਚੇ ਕਾਮੇ ਪੱਕੇ ਨਾ ਕਰਨੇ, ਘੱਟੋ-ਘੱਟ ਉਜਰਤਾਂ ਵਿੱਚ ਮਾਮੂਲੀ ਵਾਧਾ, ਓ ਪੀ ਐੱਸ ਸਕੀਮ ਲਾਗੂ ਨਾ ਕਰਨੀ, ਨਰੇਗਾ ਅਧੀਨ ਕੰਮ ਨਾ ਦੇਣਾ, ਬੇਰੁਜ਼ਗਾਰੀ ਦਾ ਕੋਈ ਹੱਲ ਨਾ ਕਰਨਾ, ਸਰਕਾਰੀ ਟ੍ਰਾਂਸਪੋਰਟ ਵਿੱਚ ਆਪਣੇ ਸਾਰੇ ਕਾਰਜਕਾਲ ਵਿੱਚ ਇੱਕ ਵੀ ਨਵੀਂ ਬੱਸ ਨਾ ਪਾਉਣਾ ਆਦਿ ਸਭ ਸਰਕਾਰ ਦੀ ਆਰਥਿਕ ਬਦਇੰਤਜ਼ਾਮੀ ਦੀ ਮੂੰਹ-ਬੋਲਦੀ ਤਸਵੀਰ ਹੈ। ਪੰਜਾਬ ਵਿੱਚ ਭ੍ਰਿਸ਼ਟਾਚਾਰ, ਅਮਨ-ਕਾਨੂੰਨ ਦੀ ਅੱਤ ਦੀ ਵਿਗੜ ਚੁੱਕੀ ਹਾਲਤ, ਕਤਲ, ਡਾਕੇ, ਫਿਰੌਤੀਆਂ ਲੁੱਟਾਂ-ਖੋਹਾਂ ਦਾ ਸ਼ਰੇਆਮ ਹੋਣਾ, ਨਸ਼ਿਆਂ ਦਾ ਧੜੱਲੇ ਨਾਲ ਚੱਲ ਰਿਹਾ ਕਾਰੋਬਾਰ ਆਦਿ ਪੰਜਾਬ ਦੀ ਤਬਾਹੀ ਦੇ ਮੰਜ਼ਰ ਹਨ। ਪੰਜਾਬ ਦੇ ਲੋਕਾਂ ਨੇ ਪਹਿਲੀਆਂ ਸਰਕਾਰਾਂ ਦੀਆਂ ਕਾਰਗੁਜ਼ਾਰੀਆਂ ਤੋਂ ਸੰਤੁਸ਼ਟ ਨਾ ਹੋਣ ਕਾਰਨ ਇਸ ਨਵੀਂ ਉਭਰੀ ਪਾਰਟੀ 'ਆਪ' ਦੇ ਬਦਲਾਵ ਦੇ ਝੂਠੇ ਲਾਰੇ, ਦਾਅਵੇ ਅਤੇ ਸ਼ਹੀਦ ਭਗਤ ਸਿੰਘ ਦੇ ਨਾਂਅ ਦੀ ਵਰਤੋਂ ਆਦਿ ਵਰਗੇ ਪਖੰਡਾਂ 'ਤੇ ਵਿਸ਼ਵਾਸ ਕਰਦਿਆਂ ਇਹਨਾਂ ਦੇ 92 ਐੱਮ ਐੱਲ ਏ ਜਿਤਾ ਕੇ ਗੱਦੀ 'ਤੇ ਕਾਬਜ਼ ਕਰਵਾ ਦਿੱਤੇ। ਅੱਜ ਪੰਜਾਬ ਦੇ ਲੋਕ ਪਛਤਾ ਰਹੇ ਹਨ ਅਤੇ ਝੂਠਾਂ ਅਤੇ ਨਕਾਮੀਆਂ ਦੀ ਸਜ਼ਾ ਦੇਣ ਲਈ ਵੋਟਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ, ਪਰ ਦੂਜੇ ਪਾਸੇ ਅਕਾਲੀ ਦਲ ਦੀਆਂ ਪਿਛਲੀਆਂ ਸਰਕਾਰਾਂ ਦਾ ਨਕਸ਼ਾ ਵੀ ਸਾਹਮਣੇ ਹੈ ਅਤੇ ਵਰਤਮਾਨ ਸਮੇਂ ਜਿਵੇਂ ਭਾਜਪਾ -ਆਰ ਐੱਸ ਐੱਸ ਦੀ ਘੁਸਪੈਠ ਨੇ ਤਿੰਨ ਅਕਾਲੀ ਦਲ ਬਣਾ ਦਿੱਤੇ ਹਨ ਅਤੇ ਤਿੰਨੇ ਭਾਜਪਾ ਦੀ ਝੋਲੀ ਵਿੱਚ ਡਿੱਗਣ ਨੂੰ ਕਾਹਲੇ ਹਨ। ਪੰਜਾਬ ਦੇ ਲੋਕ ਭਾਜਪਾ ਦੀ ਫਿਰਕੂ, ਤਾਨਾਸ਼ਾਹੀ, ਕਾਰਪੋਰੇਟਾਂ ਨਾਲ ਭਾਈਵਾਲੀ ਅਤੇ ਲੋਕ ਵਿਰੋਧੀ ਆਰਥਿਕ ਨੀਤੀਆਂ ਨੂੰ

• ਬਾਕੀ ਸਫਾ 2 'ਤੇ



# ਲੋਕਤੰਤਰ ਛੂਮੰਤਰ

## ਜੰਤਰ-ਮੰਤਰ 'ਤੇ ਧਰਨਾ ਦੇਣ ਦੀ ਪੱਕੀ ਮਨਾਹੀ

**ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)**
ਦਿੱਲੀ ਪੁਲਸ ਨੇ ਜੰਤਰ-ਮੰਤਰ ਨੂੰ ਪ੍ਰਦਰਸ਼ਨ ਸਥਾਨਾਂ ਦੀ ਸੂਚੀ ਵਿੱਚੋਂ ਹਟਾ ਦਿੱਤਾ ਹੈ। ਹੁਣ ਧਰਨਿਆਂ ਅਤੇ ਮੁਜ਼ਾਹਰਿਆਂ ਲਈ ਰਾਮ ਲੀਲ੍ਹਾ ਮੈਦਾਨ, ਬੁਰਾੜੀ ਗਰਾਊਂਡ ਅਤੇ ਪੂਰਬੀ ਦਿੱਲੀ ਦੀ ਸੀ ਬੀ ਡੀ ਗਰਾਊਂਡ ਨੂੰ ਨਵੇਂ ਸਥਾਨਾਂ ਵਜੋਂ ਮਾਨਤਾ ਦਿੱਤੀ ਗਈ ਹੈ। ਦਿੱਲੀ ਦੇ ਪੁਲਸ ਕਮਿਸ਼ਨਰ ਅਨੁਰਾਗ ਕੁਮਾਰ ਵੱਲੋਂ ਜਾਰੀ ਹੁਕਮਾਂ ਵਿੱਚ ਦੱਸਿਆ ਗਿਆ ਹੈ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ ਲੋਕਾਂ ਦੇ ਵਿਰੋਧ ਪ੍ਰਦਰਸ਼ਨ ਕਰਨ ਦੇ ਅਧਿਕਾਰ ਲਈ ਜੰਤਰ-ਮੰਤਰ ਦੇ ਬਦਲਵੇਂ ਸਥਾਨ ਲੱਭਣ ਵਾਸਤੇ ਇੱਕ ਕਮੇਟੀ ਬਣਾਈ ਸੀ। ਇਸ ਕਮੇਟੀ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਹੀ ਜੰਤਰ-ਮੰਤਰ ਨੂੰ ਸੂਚੀ 'ਚੋਂ ਹਟਾ ਕੇ ਇਹ ਤਿੰਨ ਨਵੀਆਂ ਥਾਵਾਂ ਤੈਅ ਕੀਤੀਆਂ ਗਈਆਂ ਹਨ। ਇਨ੍ਹਾਂ ਤਿੰਨਾਂ ਥਾਵਾਂ 'ਤੇ ਪ੍ਰਦਰਸ਼ਨ ਕਰਨ ਦੇ ਨਿਯਮਾਂ ਸੰਬੰਧੀ ਵਿਸਥਾਰਤ ਦਿਸ਼ਾ-ਨਿਰਦੇਸ਼ ਵੱਖਰੇ ਤੌਰ 'ਤੇ ਜਾਰੀ ਕੀਤੇ ਜਾਣਗੇ।

ਜ਼ਿਕਰਯੋਗ ਹੈ ਕਿ 1988 ਵਿੱਚ ਮਹਿੰਦਰ ਸਿੰਘ ਟਿਕੈਤ ਦੀ ਅਗਵਾਈ ਹੇਠ ਹੋਏ ਵੱਡੇ ਕਿਸਾਨ ਅੰਦੋਲਨ ਤੋਂ ਬਾਅਦ ਜਦੋਂ ਇੰਡੀਆ ਗੇਟ ਨੇੜਲੇ ਬੋਟ ਕਲੱਬ 'ਤੇ ਪ੍ਰਦਰਸ਼ਨਾਂ 'ਤੇ ਰੋਕ ਲੱਗੀ ਸੀ ਤਾਂ 1993

• ਬਾਕੀ ਸਫਾ 2 'ਤੇ

### 'ਮਾਊਂਟ ਐਵਰੈਸਟ 'ਤੇ ਹੀ ਭੇਜ ਦਿਓ'

**ਨਵੀਂ ਦਿੱਲੀ** : ਕਾਕਰੋਚ ਜਨਤਾ ਪਾਰਟੀ ਦੇ ਆਗੂਆਂ ਨੇ ਕਿਹਾ ਕਿ ਜੰਤਰ-ਮੰਤਰ 'ਤੇ ਮੁਜ਼ਾਹਰੇ ਰੋਕਣਾ ਸ਼ਾਂਤਮਈ ਪ੍ਰਦਰਸ਼ਨ ਕਰਨ ਦੇ ਸੰਵਿਧਾਨਕ ਅਧਿਕਾਰ ਨੂੰ ਕੁਚਲਣਾ ਹੈ। ਇਸ ਦੇ ਨੇਤਾ ਆਸ਼ੂਤੋਸ਼ ਰਾਂਕਾ ਨੇ ਕਿਹਾ, "ਜੇ ਜੰਤਰ-ਮੰਤਰ 'ਤੇ ਵੀ ਰੋਕ ਲਗਾਉਣੀ ਹੈ ਤਾਂ ਸਰਕਾਰ ਮਾਊਂਟ ਐਵਰੈਸਟ ਨੂੰ ਹੀ ਪ੍ਰਦਰਸ਼ਨ ਸਥਾਨ ਕਿਉਂ ਨਹੀਂ ਐਲਾਨ ਦਿੰਦੀ ? ਸਰਕਾਰ ਵਿਰੋਧੀ ਆਵਾਜ਼ਾਂ ਤੋਂ ਡਰ ਕੇ ਦਿੱਲੀ ਦੇ ਪੁਰਾਣੇ ਅਤੇ ਪ੍ਰਮੁੱਖ ਪ੍ਰਦਰਸ਼ਨ ਸਥਾਨਾਂ ਨੂੰ ਬੰਦ ਕਰ ਰਹੀ ਹੈ। ਇਸ ਦੇ ਇੱਕ ਹੋਰ ਆਗੂ ਸੌਰਵ ਦਾਸ ਨੇ ਇਸ ਫੈਸਲੇ ਨੂੰ ਬਿਲਕੁਲ ਅਸਵੀਕਾਰਨਯੋਗ ਦੱਸਦਿਆਂ ਕਿਹਾ, "ਨਰਿੰਦਰ ਮੋਦੀ ਜੰਤਰ-ਮੰਤਰ ਤੋਂ ਕਿਉਂ ਡਰ ਰਹੇ ਹਨ ? ਜੰਤਰ-ਮੰਤਰ ਭਾਰਤ ਦੇ ਲੋਕਾਂ ਦਾ ਹੈ। ਗ੍ਰਹਿ ਮੰਤਰਾਲੇ ਨੇ ਇਹ ਤਾਨਾਸ਼ਾਹੀ ਫੈਸਲਾ ਲੈਣ ਤੋਂ ਪਹਿਲਾਂ ਦੇਸ਼ ਦੇ ਨਾਗਰਿਕਾਂ ਜਾਂ ਕਿਸੇ ਹੋਰ ਧਿਰ ਨਾਲ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ। ਜਿਸ ਤਰ੍ਹਾਂ ਲੋਕਾਂ

• ਬਾਕੀ ਸਫਾ 2 'ਤੇ

# ਗਿਆਨੇਸ਼ ਖਿਲਾਫ ਪਟੀਸ਼ਨ ਦਾਇਰ; ਸੋਧੇ ਫਾਰਮ 6 ਨੂੰ ਅਸੀਂ ਮਨਜ਼ੂਰੀ ਨਹੀਂ ਦਿੱਤੀ : ਸੁਪਰੀਮ ਕੋਰਟ

**ਨਵੀਂ ਦਿੱਲੀ** : ਇੰਡੀਆ ਗੱਠਜੋੜ ਨੇ ਸੋਮਵਾਰ ਸੁਪਰੀਮ ਕੋਰਟ ਵਿੱਚ ਐੱਸ ਆਈ ਆਰ ਵਿੱਚ ਹੋਈਆਂ ਬੇਨੇਮੀਆਂ ਵਿਰੁੱਧ ਪਟੀਸ਼ਨ ਦਾਇਰ ਕੀਤੀ। ਰਾਹੁਲ ਗਾਂਧੀ, ਅਖਿਲੇਸ਼ ਯਾਦਵ, ਡੀ ਰਾਜਾ ਅਤੇ ਤੇਜਸਵੀ ਯਾਦਵ ਸਮੇਤ ਗਿਆਰਾਂ ਵਿਰੋਧੀ ਆਗੂ ਪਟੀਸ਼ਨਰ ਹਨ। ਚੋਣ ਕਮਿਸ਼ਨ ਅਤੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਧਿਰ ਬਣਾਇਆ ਗਿਆ ਹੈ। ਪਟੀਸ਼ਨ 'ਤੇ ਦਸਤਖਤ ਕਰਨ ਵਾਲੇ ਹੋਰ ਆਗੂ ਹਨ : ਮਲਿਕਾਰਜੁਨ ਖੜਗੇ (ਕਾਂਗਰਸ), ਸੌਗਾਤਾ ਰਾਏ (ਤ੍ਰਿਣਮੂਲ ਕਾਂਗਰਸ), ਸੰਜੇ ਰਾਊਤ (ਸ਼ਿਵ ਸੈਨਾ-ਯੂ ਬੀ ਟੀ), ਐੱਮ ਏ ਬੇਬੀ (ਸੀ ਪੀ ਆਈ-ਐੱਮ), ਮਹੂਆ ਮਾਝੀ (ਝਾਰਖੰਡ ਮੁਕਤੀ ਮੋਰਚਾ), ਸੁਪ੍ਰੀਆ ਸੁਲੇ (ਐੱਨ ਸੀ ਪੀ-ਸਪਾ), ਈ ਟੀ ਮੁਹੰਮਦ ਬਸ਼ੀਰ (ਇੰਡੀਅਨ ਯੂਨੀਅਨ ਮੁਸਲਿਮ ਲੀਗ)।

ਇਸ ਤੋਂ ਪਹਿਲਾਂ ਵਿਰੋਧੀ ਆਗੂਆਂ ਨੇ ਬਾਰਾਖੰਬਾ ਤੋਂ ਸੁਪਰੀਮ ਕੋਰਟ ਤੱਕ ਮਾਰਚ ਕੀਤਾ। ਇਹ ਪਹਿਲੀ ਵਾਰ ਸੀ, ਜਦੋਂ ਵਿਰੋਧੀ ਆਗੂਆਂ ਨੇ ਕਿਸੇ ਖਾਸ ਮੰਗ ਨੂੰ ਲੈ ਕੇ ਸੁਪਰੀਮ ਕੋਰਟ ਤੱਕ ਮਾਰਚ ਕੀਤਾ ਸੀ। ਲਗਭਗ ਇੱਕ ਕਿੱਲੋਮੀਟਰ ਲੰਮੇ ਮਾਰਚ ਦੌਰਾਨ ਵਿਰੋਧੀ ਆਗੂਆਂ ਨੇ ਬੱਸਾਂ, ਪੈਦਲ ਅਤੇ ਵਾਹਨਾਂ ਵਿੱਚ ਯਾਤਰਾ ਕੀਤੀ। ਮਾਰਚ ਨੂੰ ਭਗਵਾਨ ਦਾਸ ਰੋਡ 'ਤੇ ਰੋਕ ਦਿੱਤਾ ਗਿਆ, ਪਰ ਰਾਹੁਲ ਗਾਂਧੀ ਅਤੇ ਹੋਰ ਆਗੂ ਸ਼ਾਮ ਨੂੰ ਅਦਾਲਤ ਪਹੁੰਚੇ, ਜਿੱਥੇ ਉਨ੍ਹਾਂ ਦੀ ਕਾਨੂੰਨੀ ਟੀਮ ਨੇ ਪਟੀਸ਼ਨ ਦੀਆਂ ਰਸਮਾਂ ਪੂਰੀਆਂ ਕੀਤੀਆਂ। ਭਗਵਾਨ ਦਾਸ ਰੋਡ ਸੁਪਰੀਮ ਕੋਰਟ ਤੋਂ ਲਗਪਗ 600 ਮੀਟਰ ਦੂਰ ਹੈ। ਮਾਰਚ ਦੌਰਾਨ ਕੇਂਦਰੀ ਦਿੱਲੀ ਵਿੱਚ ਵੱਡੀ ਭੀੜ ਇਕੱਠੀ ਹੋਈ। ਅਪੋਜ਼ੀਸ਼ਨ ਨੇ ਚੀਫ ਜਸਟਿਸ ਸੂਰੀਆ ਕਾਂਤ ਨਾਲ ਮੁਲਾਕਾਤ ਦੀ ਮੰਗ ਕੀਤੀ ਸੀ। ਹਾਲਾਂਕਿ ਉਨ੍ਹਾ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਮਾਮਲੇ ਸੁਪਰੀਮ ਕੋਰਟ ਵਿੱਚ ਪੈਂਡਿੰਗ ਹਨ। ਮਾਰਚ ਸ਼ੁਰੂ ਕਰਨ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਮੁੱਖ ਚੋਣ

• ਬਾਕੀ ਸਫਾ 2 'ਤੇ

### ਨੇਹਾ ਦੀ ਥਾਂ ਹਮਸ਼ਕਲ ਹੀ ਫੜ ਲਈ



**ਨਵੀਂ ਦਿੱਲੀ** : ਦਿੱਲੀ ਪੁਲਸ ਦੇ ਜਵਾਨਾਂ ਨੇ ਐਤਵਾਰ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ ਦੀ ਮੁਖੀ ਨੇਹਾ ਬੋਰਾ ਦੀ ਹਮਸ਼ਕਲ ਨੂੰ ਹਿਰਾਸਤ ਵਿੱਚ ਲੈ ਲਿਆ। ਬੋਰਾ ਵਰਗੀ ਬੀਬੀ ਆਰ ਕੇ ਆਸ਼ਰਮ ਮਾਰਗ 'ਤੇ ਆਈ ਤਾਂ ਜਵਾਨਾਂ ਨੇ ਉਸ ਨੂੰ ਵਿਦਿਆਰਥੀ ਨੇਤਾ ਸਮਝ ਲਿਆ। ਹਫੜਾ-ਦਫੜੀ ਦੇ ਵਿਚਕਾਰ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਸਲੀ ਬੋਰਾ ਕਨਾਟ ਪਲੇਸ ਵਿੱਚ ਪ੍ਰਦਰਸ਼ਨ ਕਰ ਰਹੀ ਸੀ। ਬਾਅਦ ਵਿੱਚ ਨੇਹਾ ਨੇ ਆਪਣੀ ਹਮਸ਼ਕਲ ਨਾਲ ਇੱਕ ਫੋਟੋ ਸਾਂਝੀ ਕੀਤੀ, ਜਿਸ ਵਿੱਚ ਉਲਝਣ ਨੂੰ ਇੱਕ ਮਜ਼ਾਕੀਆ ਕੈਪਸ਼ਨ ਦੇ ਨਾਲ ਖਤਮ ਕੀਤਾ : ਦੋ ਨੇਹਾਵਾਂ ਦੀ ਕਹਾਣੀ। ਰਣਨੀਤੀ ਨਹੀਂ, ਸਿਰਫ ਸੰਯੋਗ ਹੈ। ਸੋਸ਼ਲ ਮੀਡੀਆ ਦੇ ਇੱਕ ਯੂਜ਼ਰ ਨੇ ਲਿਖਿਆ : ਹਜ਼ਾਰਾਂ ਪੁਲਸ ਵਾਲੇ। ਸੈਂਕੜੇ ਨਿਗਰਾਨੀ ਸੰਦ। ਲੱਖਾਂ ਸਰੋਤ ਅਤੇ ਫਿਰ ਵੀ ਨੇਹਾ ਬੋਰਾ ਦੇ ਡੋਪਲਗੈਂਜਰ ਦੁਆਰਾ ਪੂਰੀ ਦਿੱਲੀ ਪੁਲਸ ਨੂੰ ਮੂਰਖ ਬਣਾਇਆ ਗਿਆ। ਇੱਕ ਹੋਰ ਯੂਜ਼ਰ ਨੇ ਲਿਖਿਆ : ਨਕਲੀ ਨੇਹਾ ਬੋਰਾ ਨੇ ਦਿੱਲੀ ਪੁਲਸ ਨੂੰ ਝਕਾਇਆ ਅਤੇ ਫਿਰ ਅਸਲੀ ਪੁਲਸ ਆਉਂਦੀ ਹੈ। ਇਹ ਜਨੂੰਨ ਪਾਗਲਪਨ ਹੈ।

### 0001 ਦੀ ਬੋਲੀ 21.31 ਲੱਖ 'ਤੇ ਟੁੱਟੀ

**ਚੰਡੀਗੜ੍ਹ** : ਸੋਮਵਾਰ ਇੱਥੇ ਹੋਈ ਵੀ ਆਈ ਪੀ ਨੰਬਰਾਂ ਦੀ ਨਿਲਾਮੀ ਦੌਰਾਨ ਸੀਐਚ01 ਡੀਜੀ 0001 ਨੰਬਰ 21.31 ਲੱਖ ਰੁਪਏ ਵਿੱਚ ਜਦੋਂ ਕਿ 0007 ਨੰਬਰ 11.71 ਲੱਖ ਰੁਪਏ ਵਿੱਚ ਨਿਲਾਮ ਹੋਇਆ। ਇਸ ਨਿਲਾਮੀ ਦੌਰਾਨ ਯੂ ਟੀ ਪ੍ਰਸ਼ਾਸਨ ਨੇ ਕੁੱਲ 2.97 ਕਰੋੜ ਰੁਪਏ ਦੀ ਕਮਾਈ ਕੀਤੀ ਹੈ। 10 ਤੋਂ 12 ਅਕਤੂਬਰ ਤੱਕ ਨਵੀਂ ਸੀਰੀਜ਼ ਸੀਐੱਚ-01-ਡੀਜੀ ਦੇ 0001 ਤੋਂ 9999 ਤੱਕ ਦੇ ਫੈਂਸੀ ਨੰਬਰਾਂ ਦੀ ਨਿਲਾਮੀ ਕੀਤੀ ਗਈ। 527 ਨੰਬਰ ਨਿਲਾਮ ਕੀਤੇ ਗਏ। ਪਿਛਲੀ ਵਾਰ ਸੀਐਚ01 ਡੀਐੱਫ ਸੀਰੀਜ਼ ਦਾ 0001 ਨੰਬਰ 27.23 ਲੱਖ ਰੁਪਏ ਵਿੱਚ ਨਿਲਾਮ ਹੋਇਆ ਸੀ।

# ਤਲਵੰਡੀ ਸਲੇਮ ਦੇ ਸਰਪੰਚ ਖਿਲਾਫ ਐੱਸ ਸੀ/ਐੱਸ ਟੀ ਐਕਟ ਤਹਿਤ ਕੇਸ ਦਰਜ

## ਰਹਿੰਦੀਆਂ ਮੰਗਾਂ ਲਈ ਸੰਘਰਸ਼ ਜਾਰੀ ਰੱਖਣ ਦਾ ਫੈਸਲਾ, ਪ੍ਰਲੇਸ ਵੱਲੋਂ ਘੋਲ ਨਾਲ ਇਕਜੁੱਟਤਾ ਪ੍ਰਗਟ

**ਜਲੰਧਰ (ਗਿਆਨ ਸੈਦਪੁਰੀ, ਕੇਸਰ)**
ਪਾਸ਼-ਹੰਸ ਰਾਜ ਯਾਦਗਾਰੀ ਕੰਪਲੈਕਸ 'ਤੇ ਕਬਜ਼ੇ ਦੀਆਂ ਨਾਪਾਕ ਕੋਸ਼ਿਸ਼ਾਂ ਖਿਲਾਫ ਚੱਲ ਰਹੇ ਜਨਤਕ ਸੰਘਰਸ਼ ਨੂੰ ਸੋਮਵਾਰ ਮੁਢਲੀ ਸਫ਼ਲਤਾ, ਮਿਲੀ ਜਦੋਂ ਪਿੰਡ ਦੇ ਸਰਪੰਚ ਤੇ ਉਸ ਦੇ ਜੋਟੀਦਾਰਾਂ ਖ਼ਿਲਾਫ਼ ਐੱਸ ਸੀ/ਐੱਸ ਟੀ ਐਕਟ ਤਹਿਤ ਕੇਸ ਦਰਜ ਕਰ ਲਿਆ ਗਿਆ। ਪਿੰਡ ਦੇ ਸਰਪੰਚ ਪ੍ਰਦੀਪ ਸਿੰਘ ਤੇ ਕੁਝ ਹੋਰਨਾਂ ਵੱਲੋਂ 7 ਸਤੰਬਰ ਨੂੰ ਪਾਸ਼ ਦੇ ਜਨਮ ਦਿਹਾੜਾ ਸਮਾਗਮ ਦੀਆਂ ਤਿਆਰੀਆਂ ਕਰ ਰਹੇ ਖੇਤ ਮਜ਼ਦੂਰ ਆਗੂ ਤੇ ਲੇਖਕ ਹਰਮੇਸ਼ ਮਾਲੜੀ ਤੇ ਸਾਥੀਆਂ ਉਪਰ ਕਥਿਤ ਹਮਲੇ 'ਤੇ ਉਹਨਾਂ ਨੂੰ ਜਾਤੀ ਸੂਚਕ ਸ਼ਬਦ ਬੋਲਣ 'ਤੇ ਵੱਖ-ਵੱਖ



ਜਨਤਕ ਜਥੇਬੰਦੀਆਂ ਵੱਲੋਂ ਸਰਪੰਚ ਤੇ ਉਸ ਦੇ ਸਾਥੀਆਂ 'ਤੇ ਕੇਸ ਦਰਜ ਕਰਨ ਦੀ ਮੰਗ ਕੀਤੇ ਜਾਣ ਦੇ ਬਾਵਜੂਦ ਪੂਰੇ ਇਕ ਮਹੀਨੇ ਤੋਂ ਪੁਲਸ ਕੇਸ ਦਰਜ ਕਰਨ ਤੋਂ ਟਾਲਾ ਵੱਟਦੀ ਆ ਰਹੀ ਸੀ। ਆਖਰ ਹੁਣ ਪੁਲਸ ਨੂੰ ਲੋਕ ਸੰਘਰਸ਼ ਅੱਗੇ ਝੁਕਦਿਆਂ ਐੱਫ ਆਈ ਆਰ ਦਰਜ ਕਰਨੀ ਪਈ ਹੈ।ਪਾਸ਼ ਨਾਲ ਜੁੜੀਆਂ ਸੰਸਥਾਵਾਂ ਤੇ ਵੱਖ-ਵੱਖ ਜਨਤਕ ਜਥੇਬੰਦੀਆਂ ਦੀ ਤਰਫੋਂ ਬਿਆਨ ਜਾਰੀ ਕਰਦਿਆਂ ਅਮੋਲਕ ਸਿੰਘ, ਡਾ. ਪਰਮਿੰਦਰ ਸਿੰਘ, ਪਾਵੇਲ ਕੁੱਸਾ, ਹਰਮੇਸ਼ ਮਾਲੜੀ ਅਤੇ ਝੰਡਾ ਸਿੰਘ ਜੇਠੂਕੇ ਨੇ ਕਿਹਾ ਕਿ ਲੋਕ ਸੰਘਰਸ਼ ਦੇ ਦਬਾਅ ਅੱਗੇ ਪੰਜਾਬ ਸਰਕਾਰ ਨੂੰ ਇਹ ਕੇਸ ਦਰਜ ਕਰਨਾ ਪਿਆ ਹੈ, ਇਹ ਪੰਜਾਬ ਦੀਆਂ ਲੋਕ ਜਮਹੂਰੀ ਜਥੇਬੰਦੀਆਂ ਤੇ ਸਾਹਿਤਕਾਰਾਂ, ਕਲਾਕਾਰਾਂ ਦੀ ਸਾਂਝੀ ਆਵਾਜ਼ ਦੀ ਮੁਢਲੀ ਜਿੱਤ ਹੈ, ਪਰ ਨਾਲ ਹੀ ਉਹਨਾਂ ਕਿਹਾ ਕਿ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ, ਪਾਸ਼-ਹੰਸ ਰਾਜ ਯਾਦਗਾਰੀ ਕੰਪਲੈਕਸ 'ਤੇ ਨਜਾਇਜ਼ ਕਬਜ਼ਾ ਹਟਾਉਣ ਅਤੇ ਇਸ ਨੂੰ ਪੰਜਾਬ ਸਰਕਾਰ ਵੱਲੋਂ ਬਕਾਇਦਾ ਯਾਦਗਾਰ ਦਾ ਐਲਾਨ ਕਰਨ ਦੀਆਂ ਮੰਗਾਂ ਤੱਕ ਸੰਘਰਸ਼ ਜਾਰੀ ਰਹੇਗਾ।

ਉਹਨਾਂ ਕਿਹਾ ਕਿ 9 ਅਕਤੂਬਰ ਨੂੰ ਨਕੋਦਰ 'ਚ ਕੀਤੇ ਗਏ ਵਿਸ਼ਾਲ ਜਨਤਕ ਮੁਜ਼ਾਹਰੇ ਤੋਂ ਮਗਰੋਂ ਹੁਣ 14 ਅਕਤੂਬਰ ਨੂੰ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੀ ਰਿਹਾਇਸ਼ ਅੱਗੇ ਸੰਧਵਾਂ (ਕੋਟਕਪੂਰਾ) ਵਿਖੇ ਅਤੇ 15 ਅਕਤੂਬਰ ਨੂੰ ਮੁੱਖ ਮੰਤਰੀ ਪੰਜਾਬ ਦੀ ਸੰਗਰੂਰ ਰਿਹਾਇਸ਼ ਅੱਗੇ ਵਿਸ਼ਾਲ ਜਨਤਕ ਧਰਨੇ ਦਿੱਤੇ ਜਾਣਗੇ ਤੇ ਇਨ੍ਹਾਂ ਰਹਿੰਦੀਆਂ ਮੰਗਾਂ ਲਈ ਜ਼ੋਰਦਾਰ ਆਵਾਜ਼ ਉਠਾਈ ਜਾਵੇਗੀ।ਆਗੂਆਂ ਨੇ ਸਭਨਾਂ ਲੋਕ ਜਮਹੂਰੀ ਜਥੇਬੰਦੀਆਂ, ਇਨਸਾਫਪਸੰਦ ਲੋਕਾਂ ਤੇ ਪੰਜਾਬ ਦੇ ਲੋਕ ਪੱਖੀ ਸਾਹਿਤਕਾਰਾਂ-ਕਲਾਕਾਰਾਂ ਨੂੰ ਇਹਨਾਂ ਧਰਨਿਆਂ

• ਬਾਕੀ ਸਫਾ 2 'ਤੇ

# ਬੰਦੀ ਸਿੰਘਾਂ ਦੀ ਛੇਤੀ ਰਿਹਾਈ ਲਈ ਸੁਹਿਰਦ ਯਤਨ ਕਰ ਰਹੇ ਹਾਂ : ਮਾਨ



**ਚੰਡੀਗੜ੍ਹ (ਨ ਜ਼ ਸ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਬੰਦੀ ਸਿੰਘਾਂ ਦੀ ਜਲਦੀ ਰਿਹਾਈ ਲਈ ਲਗਾਤਾਰ ਅਤੇ ਸੁਹਿਰਦ ਯਤਨ ਕਰ ਰਹੀ ਹੈ। ਉਨ੍ਹਾ ਸੋਮਵਾਰ 'ਕੌਮੀ ਇਨਸਾਫ ਮੋਰਚੇ' ਦੇ ਨੁਮਾਇੰਦਿਆਂ ਨਾਲ ਅਹਿਮ ਮੀਟਿੰਗ ਕੀਤੀ। ਇਸ ਦੌਰਾਨ ਮੋਰਚੇ ਵੱਲੋਂ ਉਠਾਈਆਂ ਗਈਆਂ ਮੰਗਾਂ 'ਤੇ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਮੁੱਖ ਮੰਤਰੀ ਨੇ ਮੋਰਚੇ ਦੇ ਨੁਮਾਇੰਦਿਆਂ ਨੂੰ ਦੱਸਿਆ ਕਿ ਸਰਕਾਰ ਦੀ ਕੋਸ਼ਿਸ਼ ਹੈ ਕਿ ਇਸ ਮਸਲੇ ਦਾ ਸਾਰਥਕ ਹੱਲ ਕੱਢਿਆ ਜਾਵੇ। ਉਨ੍ਹਾ ਉਮੀਦ ਪ੍ਰਗਟਾਈ ਕਿ ਇਸ ਸੰਬੰਧੀ ਜਲਦੀ ਹੀ ਹਾਂ-ਪੱਖੀ ਨਤੀਜੇ ਸਾਹਮਣੇ ਆਉਣਗੇ। ਮੋਰਚੇ ਦੇ ਨੁਮਾਇੰਦਿਆਂ ਨੇ ਆਪਣੀਆਂ ਮੰਗਾਂ ਸਰਕਾਰ ਅੱਗੇ ਰੱਖੀਆਂ। ਹਾਲਾਂਕਿ, ਮੀਟਿੰਗ ਦੌਰਾਨ ਵਿਚਾਰੀਆਂ ਗਈਆਂ ਮੰਗਾਂ ਦੇ ਵੇਰਵੇ ਅਤੇ ਉਨ੍ਹਾਂ 'ਤੇ ਸਰਕਾਰ ਵੱਲੋਂ ਚੁੱਕੇ ਜਾਣ ਵਾਲੇ ਅਗਲੇ ਕਦਮਾਂ ਬਾਰੇ ਵਿਸਥਾਰਤ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ।

# ਗਿਆਨੇਸ਼ ਖਿਲਾਫ ਕੇਰਲਾ ਅਸੈਂਬਲੀ 'ਚ ਮਤਾ ਪਾਸ

**ਤਿਰੁਅਨੰਤਪੁਰਮ (ਨ ਜ਼ ਸ)**-ਵੋਟਰ ਸੂਚੀਆਂ ਦੀ ਵਿਸ਼ੇਸ਼ ਸੋਧ ਨੂੰ ਲੈ ਕੇ ਮਚੇ ਭਾਰੀ ਘਮਸਾਨ ਦਰਮਿਆਨ ਕੇਰਲਾ ਵਿਧਾਨ ਸਭਾ ਨੇ ਸੋਮਵਾਰ ਇਤਿਹਾਸਕ ਕਦਮ ਚੁੱਕਦਿਆਂ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਅਹੁਦੇ ਤੋਂ ਹਟਾਉਣ ਲਈ ਸਰਬਸੰਮਤੀ ਨਾਲ ਮਤਾ ਪਾਸ ਕਰ ਦਿੱਤਾ। ਦੇਸ਼ ਦੀ ਕਿਸੇ ਵਿਧਾਨ ਸਭਾ ਵਿੱਚ ਇਸ ਤਰ੍ਹਾਂ ਦਾ ਇਹ ਪਹਿਲਾ ਮਤਾ ਪਾਸ ਕੀਤਾ ਗਿਆ ਹੈ। ਮਤਾ ਮੁੱਖ ਮੰਤਰੀ ਵੀ ਡੀ ਸਤੀਸਨ ਵੱਲੋਂ ਸਦਨ ਵਿੱਚ ਪੇਸ਼ ਕੀਤਾ ਗਿਆ। ਮਤੇ ਵਿੱਚ ਤਰਕ ਦਿੱਤਾ ਗਿਆ ਹੈ ਕਿ ਵੋਟਰ ਸੂਚੀਆਂ ਦੀ ਸੋਧ ਦੌਰਾਨ ਯੋਗ ਵੋਟਰਾਂ ਦੇ ਨਾਂਅ ਕੱਟੇ ਜਾਣ ਅਤੇ ਚੋਣ ਕਮਿਸ਼ਨ ਦੀ ਨਿਰਪੱਖਤਾ ਨੂੰ ਲੈ ਕੇ ਗੰਭੀਰ ਚਿੰਤਾਵਾਂ ਉੱਠੀਆਂ ਹਨ, ਜਿਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਮਤੇ ਰਾਹੀਂ ਮੰਗ ਕੀਤੀ ਗਈ ਹੈ ਕਿ ਵੋਟਰ ਸੂਚੀਆਂ ਵਿੱਚ ਬੇਨੇਮੀਆਂ ਨੂੰ ਤੁਰੰਤ ਦੂਰ ਕੀਤਾ ਜਾਵੇ ਅਤੇ ਗਲਤ ਢੰਗ ਨਾਲ ਹਟਾਏ ਗਏ ਸਾਰੇ ਯੋਗ ਵੋਟਰਾਂ ਦੇ ਵੋਟ ਪਾਉਣ ਦੇ ਅਧਿਕਾਰ ਨੂੰ ਬਹਾਲ ਕੀਤਾ ਜਾਵੇ। ਇਸ ਦੇ ਨਾਲ ਹੀ ਕੇਰਲਾ ਸਰਕਾਰ ਨੇ ਚੋਣ ਕਮਿਸ਼ਨਰਾਂ ਦੀ ਚੋਣ ਕਮੇਟੀ ਵਿੱਚ ਬਦਲਾਅ ਦੀ ਮੰਗ ਕਰਦਿਆਂ ਸੁਝਾਅ ਦਿੱਤਾ ਹੈ ਕਿ ਸੰਸਥਾ ਦੀ ਆਜ਼ਾਦੀ ਅਤੇ ਭਰੋਸੇਯੋਗਤਾ ਨੂੰ ਬਣਾਈ ਰੱਖਣ ਲਈ ਇਸ ਕਮੇਟੀ ਵਿੱਚ ਪ੍ਰਧਾਨ ਮੰਤਰੀ, ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਅਤੇ ਭਾਰਤ ਦੇ ਚੀਫ ਜਸਟਿਸ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਮਤਾ ਪਾਸ ਹੋਣ ਤੋਂ ਬਾਅਦ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਪੋਸਟ ਕਰਦਿਆਂ ਮੁੱਖ ਮੰਤਰੀ ਨੇ ਕਿਹਾ, "ਵੋਟ ਦਾ ਅਧਿਕਾਰ ਸਾਡੇ ਲੋਕਤੰਤਰ ਦੀ ਬੁਨਿਆਦ ਹੈ। ਕਿਸੇ ਵੀ ਸੰਸਥਾ ਨੂੰ ਨਾਗਰਿਕਾਂ ਦੇ ਸੰਵਿਧਾਨਕ ਅਧਿਕਾਰਾਂ ਨਾਲ ਖਿਲਵਾੜ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਕੇਰਲਾ ਨਿਰਪੱਖ ਅਤੇ ਆਜ਼ਾਦ ਚੋਣਾਂ ਲਈ ਪੂਰੀ ਤਰ੍ਹਾਂ ਵਚਨਬੱਧ ਹੈ।"

# ਪੰਜਾਬ 'ਚ 13 ਲੱਖ ਵੋਟਰ ਘਟੇ

## ਫਾਈਨਲ ਵੋਟਰ ਲਿਸਟ ਜਾਰੀ, ਕੁੱਲ ਵੋਟਰ 2,01,00,727

**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸਿੰਘ ਸੁਮਨ)**
ਪੰਜਾਬ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਸੁਧਾਈ (ਐੱਸ ਆਈ ਆਰ) ਮੁਕੰਮਲ ਹੋਣ ਮਗਰੋਂ ਸੂਬੇ ਅੰਦਰ ਰਜਿਸਟਰਡ ਵੋਟਰਾਂ ਦੀ ਕੁੱਲ ਗਿਣਤੀ ਹੁਣ 2.01 ਕਰੋੜ ਦਰਜ ਕੀਤੀ ਗਈ ਹੈ। ਸੋਮਵਾਰ ਜਾਰੀ ਕੀਤੀ ਗਈ ਅੰਤਮ ਵੋਟਰ ਸੂਚੀ ਮੁਤਾਬਕ ਅਗਲੇ ਸਾਲ ਦੇ ਸ਼ੁਰੂ ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਸੂਬੇ ਦੇ ਕੁੱਲ 2,01,00,727 ਵੋਟਰ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਨਗੇ। ਇਨ੍ਹਾਂ ਵਿੱਚ 1,03,76,026 ਪੁਰਸ਼ ਵੋਟਰ, 97,24,195 ਮਹਿਲਾ ਵੋਟਰ ਅਤੇ



506 ਥਰਡ ਜੈਂਡਰ (ਤੀਜੇ ਲਿੰਗ) ਦੇ ਵੋਟਰ ਸ਼ਾਮਲ ਹਨ। ਇਸ ਸਾਲ ਦੇ ਸ਼ੁਰੂ ਵਿੱਚ ਜਾਰੀ ਖਰੜਾ ਸੂਚੀ ਵਿੱਚੋਂ 20 ਲੱਖ ਤੋਂ ਵੱਧ ਵੋਟਾਂ ਕੱਟੇ ਜਾਣ ਤੋਂ ਬਾਅਦ ਹੁਣ ਪੰਜਾਬ ਦੀ ਵੋਟਰ ਸੂਚੀ ਵਿੱਚ 7.06 ਲੱਖ ਨਵੇਂ ਵੋਟਰ ਸ਼ਾਮਲ ਕੀਤੇ ਗਏ ਹਨ। ਇਸ ਦਾ ਮਤਲਬ ਹੈ ਕਿ ਐੱਸ ਆਈ ਆਰ ਤੋਂ ਪਹਿਲਾਂ ਦੇ 2,14,61,043 ਵੋਟਰਾਂ ਦੇ ਮੁਕਾਬਲੇ ਹੁਣ ਕੁੱਲ ਵੋਟਰਾਂ ਦੀ ਗਿਣਤੀ 2,01,00,727 ਰਹਿ ਗਈ ਹੈ। ਸ਼ੁਰੂਆਤ ਵਿੱਚ ਜਦੋਂ ਅਗਸਤ ਮਹੀਨੇ ਖਰੜਾ ਵੋਟਰ ਸੂਚੀ ਜਾਰੀ ਹੋਈ ਸੀ,

• ਬਾਕੀ ਸਫਾ 2 'ਤੇ

### ਹਰਸਿਮਰਤ ਬਾਦਲ ਦੀ ਪੋਸਟ ਚਰਚਾ 'ਚ

**ਚੰਡੀਗੜ੍ਹ** : ਦਿੱਲੀ ਦੇ ਗੁਰਦੁਆਰਾ ਬੰਗਲਾ ਸਾਹਿਬ ਨੇੜੇ ਸੀ ਜੇ ਪੀ ਦੇ ਰੋਸ ਪ੍ਰਦਰਸ਼ਨ ਤੋਂ ਪਹਿਲਾਂ ਪੁਲਸ ਵੱਲੋਂ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲਏ ਜਾਣ ਮਗਰੋਂ ਸਿਆਸੀ ਵਿਵਾਦ ਖੜ੍ਹਾ ਹੋ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਪੁਲਸ ਦੀ ਕਾਰਵਾਈ ਦੀ ਨਿਖੇਧੀ ਕਰਦਿਆਂ ਦੋਸ਼ ਲਾਇਆ ਕਿ ਪੁਲਸ ਨੇ ਗੁਰਦੁਆਰੇ ਦੀ ਪਵਿੱਤਰਤਾ ਦਾ ਨਿਰਾਦਰ ਕੀਤਾ ਅਤੇ ਮਹਿਲਾ ਪ੍ਰਦਰਸ਼ਨਕਾਰੀਆਂ ਨਾਲ ਮਾੜਾ ਸਲੂਕ ਕੀਤਾ। ਹਰਸਿਮਰਤ ਨੇ ਸੋਸ਼ਲ ਮੀਡੀਆ ਮੰਚ ਐੱਕਸ 'ਤੇ ਪਾਈ ਪੋਸਟ ਵਿੱਚ ਕਿਹਾ ਕਿ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਦੇ ਪਵਿੱਤਰ ਅਹਾਤੇ ਵਿੱਚ

• ਬਾਕੀ ਸਫਾ 2 'ਤੇ

# ਅੱਜ-ਨਾਮਾ

ਚੋਣ ਕਮਿਸ਼ਨ ਦਾ ਮੁਖੀ ਗਿਆ ਫਸ ਟੇਢਾ,
ਔਖਾ ਸਰਕਾਰ ਲਈ ਕਰਨ ਬਚਾਅ ਬੇਲੀ।
ਲਹਿਰ ਵਿਰੋਧ ਦੀ ਦਿੱਸੇ ਨਾ ਰੁਕਣ ਵਾਲੀ,
ਲੰਘ ਗਿਆ ਠੱਲ੍ਹਣ ਦਾ ਹਰ ਪੜਾਅ ਬੇਲੀ।
ਬਾਹਲਾ ਬਣਿਆ ਚਹੇਤਾ ਉਹ ਹਾਕਮਾਂ ਦਾ,
ਪੁੱਠਾ-ਸਿੱਧਾ ਲਿਆ ਵਰਤ ਸੀ ਦਾਅ ਬੇਲੀ।
ਫਸਿਆ ਡਿੱਠਾ ਤੇ ਨਿਭੇ ਨਹੀਂ ਨਾਲ ਸਾਥੀ,
ਹਰ ਕੋਈ ਵੇਖਦਾ ਵਹਿੰਦੀ ਹੈ ਵਾਅ ਬੇਲੀ।
ਚਾਹੀਦਾ ਸਾਥੀਆਂ ਨੂੰ, ਸਿੱਧੇ ਕਹਿਣ ਉਹਨੂੰ,
ਸਭ ਕੁਝ ਮਾਫ ਹੁੰਦਾ, ਪਰ ਹੇਰਫੇਰੀ ਨਹੀਂ।
ਤਾਹਿਰਾ ਸਰਾ* ਦੀ ਗੱਲ ਉਹ ਕਹਿਣ ਸਿੱਧੀ,
ਓਏ ਕੀ ਕਹਿਨੈ ਜਿੰਨੀ ਹੋਈ ਬਥੇਰੀ ਨਹੀਂ।
(*ਪਾਕਿਸਤਾਨੀ ਪੰਜਾਬੀ ਕਵਿੱਤਰੀ)

-ਤੀਸ ਮਾਰ ਖਾਂ

### ਈ ਡੀ ਵੱਲੋਂ ਪੁਲਸ ਕਮਿਸ਼ਨਰ ਸਵਪਨ ਸ਼ਰਮਾ ਤਲਬ



**ਚੰਡੀਗੜ੍ਹ** : ਈ ਡੀ ਨੇ ਲੁਧਿਆਣਾ ਦੇ ਪੁਲਸ ਕਮਿਸ਼ਨਰ ਸਵਪਨ ਸ਼ਰਮਾ ਅਤੇ ਹੋਰਨਾਂ ਨੂੰ 19 ਅਕਤੂਬਰ ਨੂੰ ਚੰਡੀਗੜ੍ਹ ਸਥਿਤ ਈ ਡੀ ਦਫਤਰ ਵਿਖੇ ਤਲਬ ਕੀਤਾ ਹੈ। ਮਾਮਲਾ ਮੁੱਖ ਮੰਤਰੀ ਭਗਵੰਤ ਮਾਨ ਨਾਲ ਜੁੜੀ ਕਥਿਤ ਵੀਡੀਓ ਨੂੰ ਕਥਿਤ ਤੌਰ 'ਤੇ ਏ ਆਈ ਜਨਰੇਟਡ (ਨਕਲੀ) ਸਾਬਤ ਕਰਨ ਲਈ ਤਿਆਰ ਕੀਤੀਆਂ ਗਈਆਂ ਜਾਅਲੀ ਫੋਰੈਂਸਿਕ ਤੇ ਸਾਈਬਰ ਰਿਪੋਰਟਾਂ ਨਾਲ ਜੁੜਿਆ ਹੋਇਆ ਹੈ। ਈ ਡੀ ਵੱਲੋਂ ਇਸ ਮਾਮਲੇ ਵਿੱਚ ਹੋਏ ਸ਼ੱਕੀ ਵਿੱਤੀ ਲੈਣ-ਦੇਣ ਅਤੇ ਇਸ ਪਿੱਛੇ ਰਚੀ ਗਈ ਕਥਿਤ ਸਾਜ਼ਿਸ਼ ਦੇ ਵੇਰਵਿਆਂ ਦੀ ਡੂੰਘਾਈ ਨਾਲ ਪੜਤਾਲ ਕੀਤੀ ਜਾ ਰਹੀ ਹੈ। ਇਹ ਵਿਵਾਦ ਉਸ ਸਮੇਂ ਭਖਿਆ ਸੀ, ਜਦੋਂ ਗੁਰੂਗ੍ਰਾਮ ਪੁਲਸ ਨੇ ਇੱਕ ਕੇਸ ਦਰਜ ਕਰਕੇ ਖੁਲਾਸਾ ਕੀਤਾ ਸੀ ਕਿ ਮੁੱਖ ਮੰਤਰੀ

• ਬਾਕੀ ਸਫਾ 2 'ਤੇ

# ਡੀ ਏ ਤੇ ਡੀ ਆਰ ਮਾਮਲੇ 'ਚ ਅਪਰਾਧਕ ਮਾਣਹਾਨੀ ਦਾ ਨੋਟਿਸ

**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)**
ਪੰਜਾਬ ਦੇ 7.5 ਲੱਖ ਦੇ ਲੱਗਭੱਗ ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਹਿੰਗਾਈ ਭੱਤੇ (ਡੀ ਏ) ਅਤੇ ਮਹਿੰਗਾਈ ਰਾਹਤ (ਡੀ ਆਰ) ਦੇ ਬਕਾਏ ਦੀ ਅਦਾਇਗੀ ਨਾ ਕਰਨ ਦੇ ਮਾਮਲੇ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਖਤ ਰੁਖ ਅਪਣਾਇਆ ਹੈ। ਅਦਾਲਤੀ ਹੁਕਮਾਂ ਦੀ ਤਾਮੀਲ ਰਿਪੋਰਟ ਦਾਖਲ ਕਰਨ ਦੇ ਨਿਰਦੇਸ਼ਾਂ ਦੇ ਦੋ ਮਹੀਨਿਆਂ ਤੋਂ ਵੱਧ ਸਮੇਂ ਬਾਅਦ ਜਸਟਿਸ ਵਿਨੋਦ ਐੱਸ ਭਾਰਦਵਾਜ ਅਤੇ ਜਸਟਿਸ ਰਵਿੰਦਰ ਮਲਿਕ ਦੀ ਡਵੀਜ਼ਨ ਬੈਂਚ ਨੇ ਸੋਮਵਾਰ ਨੂੰ ਪੰਜਾਬ ਸਰਕਾਰ ਨੂੰ ਅਪਰਾਧਕ ਮਾਣਹਾਨੀ ਦਾ ਰਸਮੀ ਨੋਟਿਸ ਜਾਰੀ ਕਰ ਦਿੱਤਾ।

ਡਵੀਜ਼ਨ ਬੈਂਚ ਨੇ ਸਪੱਸ਼ਟ ਕੀਤਾ ਕਿ ਪਹਿਲਾਂ ਸੁਣਵਾਈ ਕਰ ਰਹੇ ਬੈਂਚ ਵੱਲੋਂ ਇਸ ਮਾਮਲੇ ਨੂੰ ਮਾਣਹਾਨੀ ਬੈਂਚ ਕੋਲ ਭੇਜਣਾ ਹੀ ਇਹ ਦਰਸਾਉਂਦਾ ਹੈ ਕਿ ਸਰਕਾਰ ਵੱਲੋਂ ਦਾਖਲ ਹਲਫਨਾਮੇ ਅਤੇ ਦਸਤਾਵੇਜ਼ਾਂ ਦੀ ਪ੍ਰਥਮ ਦ੍ਰਿਸ਼ਟੀ ਜਾਂਚ ਕੀਤੀ ਜਾ ਚੁੱਕੀ ਹੈ। ਅਦਾਲਤ ਨੇ ਇਸ ਮਾਮਲੇ 'ਚ ਸਹਾਇਤਾ ਲਈ ਸੀਨੀਅਰ ਐਡਵੋਕੇਟ ਆਰ ਐੱਸ ਚੀਮਾ ਨੂੰ 'ਅਮੀਕਸ ਕਿਊਰੀ' ਨਿਯੁਕਤ ਕੀਤਾ ਹੈ। ਅਦਾਲਤ ਨੇ ਪੰਜਾਬ ਸਰਕਾਰ ਨੂੰ 27 ਅਕਤੂਬਰ ਤੱਕ ਆਪਣਾ ਜਵਾਬ ਦਾਖਲ ਕਰਨ ਦੇ ਹੁਕਮ ਦਿੱਤੇ ਹਨ, ਜਦੋਂ ਕਿ ਮਾਮਲੇ ਦੀ ਅਗਲੀ ਸੁਣਵਾਈ 30 ਅਕਤੂਬਰ ਨੂੰ ਹੋਵੇਗੀ। ਸੁਣਵਾਈ ਦੀ ਸ਼ੁਰੂਆਤ 'ਚ ਮੁਲਾਜ਼ਮਾਂ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਸੰਜੇ ਕੌਸ਼ਲ ਅਤੇ ਚੇਤਨ ਮਿੱਤਲ ਨੇ ਦੋਸ਼ ਲਾਇਆ ਕਿ ਸਰਕਾਰ ਸੂਬੇ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਬਾਰੇ ਚੋਣ ਜ਼ਾਬਤਾ ਲੱਗਣ ਤੱਕ ਮਾਮਲੇ ਨੂੰ ਲਮਕਾਉਣਾ ਚਾਹੁੰਦੀ ਹੈ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਡੀ ਏ ਅਦਾਇਗੀ ਦੇ ਹੁਕਮਾਂ ਦੀ ਪਾਲਣਾ ਕਰਨ ਦੀ ਬਜਾਏ ਸਰਕਾਰ ਨੇ 28 ਅਖਬਾਰਾਂ ਵਿੱਚ ਇਸ਼ਤਿਹਾਰ ਦਿੱਤੇ ਅਤੇ ਵਿੱਤ ਵਿਭਾਗ ਨੇ ਇੱਕ ਪੱਤਰ ਜਾਰੀ ਕਰਕੇ ਕਿਹਾ ਕਿ ਹਾਈ ਕੋਰਟ ਦਾ ਕੋਈ ਵੀ ਹੁਕਮ ਉਸ ਦੀ ਪ੍ਰਵਾਨਗੀ ਤੋਂ ਬਿਨਾਂ ਲਾਗੂ ਨਾ ਕੀਤਾ ਜਾਵੇ। ਇਹ ਵਿਵਾਦ 8 ਅਪਰੈਲ ਦੇ ਉਸ ਫੈਸਲੇ ਤੋਂ ਸ਼ੁਰੂ ਹੋਇਆ ਸੀ, ਜਿਸ ਵਿੱਚ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਦੀ ਤਰਜ਼ 'ਤੇ ਆਲ ਇੰਡੀਆ ਸਰਵਿਸਿਜ਼ ਦੇ ਅਧਿਕਾਰੀਆਂ ਵਾਂਗ ਹੀ ਆਪਣੇ ਮੁਲਾਜ਼ਮਾਂ ਨੂੰ ਵੀ ਡੀ ਏ/ਡੀ ਆਰ ਜਾਰੀ ਕਰਨ ਦੇ ਹੁਕਮ ਦਿੱਤੇ ਸਨ। ਇਸ ਤੋਂ ਬਾਅਦ 3 ਅਗਸਤ ਨੂੰ ਤਤਕਾਲੀ ਐਕਟਿੰਗ ਚੀਫ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ ਦੀ ਬੈਂਚ ਨੇ ਸਰਕਾਰ ਦੀਆਂ ਅਪੀਲਾਂ ਖਾਰਜ ਕਰਦਿਆਂ 15 ਦਿਨਾਂ ਦੇ ਅੰਦਰ ਬਕਾਇਆ ਅਦਾ ਕਰਨ ਦੇ ਹੁਕਮ ਦਿੱਤੇ ਸਨ। ਇਸ ਮਾਮਲੇ ਵਿੱਚ ਪੰਜਾਬ ਦੇ ਚੀਫ ਸੈਕਟਰੀ ਵੱਲੋਂ ਸੁਪਰੀਮ ਕੋਰਟ ਵਿੱਚ ਐੱਸ ਐੱਲ ਪੀ ਮੁੜ ਦਾਖ਼ਲ ਕਰਨ ਸੰਬੰਧੀ ਦਿੱਤੇ ਗਏ ਹਲਫਨਾਮੇ ਨੂੰ ਹਾਈ ਕੋਰਟ ਨੇ ਸੁਪਰੀਮ ਕੋਰਟ ਦੀ ਰਜਿਸਟਰੀ ਰਿਪੋਰਟ ਦੇ ਆਧਾਰ 'ਤੇ ਝੂਠਾ ਪਾਇਆ ਸੀ। ਜਦੋਂ ਸਰਕਾਰ ਵੱਲੋਂ ਪੇਸ਼ ਸੀਨੀਅਰ ਐਡਵੋਕੇਟ ਵਿਕਾਸ ਸਿੰਘ ਨੇ ਚੀਫ ਸੈਕਟਰੀ ਵੱਲੋਂ ਬਿਨਾਂ ਸ਼ਰਤ ਮੁਆਫੀ ਮੰਗਣ ਦੀ ਪੇਸ਼ਕਸ਼ ਕੀਤੀ ਤਾਂ ਅਦਾਲਤ ਅਤੇ ਮੁਲਾਜ਼ਮਾਂ ਦੇ ਵਕੀਲਾਂ ਨੇ ਇਸ ਨੂੰ ਖਾਰਜ ਕਰਦਿਆਂ ਕਿਹਾ ਕਿ ਅਦਾਲਤੀ ਕਾਰਵਾਈ ਨੂੰ ਗੁੰਮਰਾਹ ਕਰਨ ਵਾਲੇ ਅਜਿਹੇ ਗੰਭੀਰ ਮਾਮਲੇ 'ਚ ਮੁਆਫੀ ਕਬੂਲ ਨਹੀਂ ਕੀਤੀ ਜਾ ਸਕਦੀ।

### ਪੰਜਾਬ ਸਰਕਾਰ ਨੂੰ ਸੁਪਰੀਮ ਕੋਰਟ ਤੋਂ ਰਾਹਤ



**ਨਵੀਂ ਦਿੱਲੀ** : ਪੰਜਾਬ ਸਰਕਾਰ ਨੂੰ ਸੋਮਵਾਰ ਵੱਡੀ ਰਾਹਤ ਮਿਲੀ ਜਦੋਂ ਸੁਪਰੀਮ ਕੋਰਟ ਨੇ ਕਥਿਤ ਭ੍ਰਿਸ਼ਟਾਚਾਰ ਦੇ ਮਾਮਲੇ ਨੂੰ ਲੈ ਕੇ ਸੀ ਬੀ ਆਈ ਨੂੰ ਕਿਸੇ ਵੀ ਤਰ੍ਹਾਂ ਦੀ ਜਬਰੀ ਕਾਰਵਾਈ ਕਰਨ ਤੋਂ ਸਪੱਸ਼ਟ ਤੌਰ 'ਤੇ ਰੋਕ ਦਿੱਤਾ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਸੀ ਬੀ ਆਈ ਨੂੰ ਨੋਟਿਸ ਜਾਰੀ ਕਰਕੇ ਆਪਣਾ ਜਵਾਬ ਦਾਖਲ ਕਰਨ ਦੇ ਹੁਕਮ ਦਿੱਤੇ ਹਨ। ਸੁਪਰੀਮ ਕੋਰਟ ਤੋਂ ਮੁੱਖ ਮੰਤਰੀ ਦੇ ਓ ਐੱਸ ਡੀ ਰਾਜਬੀਰ ਸਿੰਘ ਘੁੰਮਣ ਤੇ ਹੋਰਨਾਂ ਨੂੰ ਰਾਹਤ ਮਿਲੀ ਹੈ। ਉਹ ਹੁਣ ਸੀ ਬੀ ਆਈ ਦੀ ਜਾਂਚ 'ਚ ਸ਼ਾਮਲ ਹੋ ਸਕਣਗੇ, ਪਰ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਗ੍ਰਿਫਤਾਰੀ ਤੋਂ ਰਾਹਤ ਮਿਲ ਗਈ ਹੈ। ਹਾਲਾਂਕਿ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਤੋਂ ਸੀ ਬੀ ਆਈ ਜਾਂਚ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਸੀ, ਜਿਸ 'ਤੇ ਸੁਪਰੀਮ ਕੋਰਟ ਨੇ ਸਾਫ ਇਨਕਾਰ ਕਰ ਦਿੱਤਾ ਹੈ।

ਪੰਜਾਬ ਦੇ ਐਡਵੋਕੇਟ ਜਨਰਲ ਮਨਿੰਦਰਜੀਤ ਸਿੰਘ ਬੇਦੀ ਨੇ ਦੱਸਿਆ ਕਿ ਅਦਾਲਤ ਦੇ ਇਸ ਹੁਕਮ ਤੋਂ ਬਾਅਦ ਹੁਣ ਸੀ ਬੀ ਆਈ ਮਾਮਲੇ ਨਾਲ ਸੰਬੰਧਤ ਕਿਸੇ ਵੀ ਵਿਅਕਤੀ ਜਾਂ ਅਧਿਕਾਰੀ ਖਿਲਾਫ ਕੋਈ ਜਬਰੀ ਕਾਰਵਾਈ ਨਹੀਂ ਕਰ ਸਕੇਗੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ 5 ਅਕਤੂਬਰ ਨੂੰ ਮਾਮਲੇ ਦੀ ਜਾਂਚ ਸੀ ਬੀ ਆਈ ਨੂੰ ਸੌਂਪਣ ਦੇ ਹੁਕਮ ਦਿੱਤੇ ਗਏ ਸਨ, ਜਿਸ ਨੂੰ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਸਪੈਸ਼ਲ ਲੀਵ ਪਟੀਸ਼ਨ ਰਾਹੀਂ ਚੁਣੌਤੀ ਦਿੱਤੀ ਸੀ। ਜਸਟਿਸ ਐੱਮ ਐੱਮ ਸੁੰਦਰੇਸ਼ ਅਤੇ ਜਸਟਿਸ ਪ੍ਰਸੰਨਾ ਬੀ ਵਰਾਲੇ ਦੀ ਬੈਂਚ ਵੱਲੋਂ ਸੁਣਾਏ ਗਏ ਇਸ ਫੈਸਲੇ ਨਾਲ ਪੰਜਾਬ ਸਰਕਾਰ ਨੂੰ ਵੱਡੀ ਰਾਹਤ ਮਿਲੀ ਹੈ।

## ਪਰਮਜੀਤ ਕੌਰ ਬਾਜਵਾ ਨੇ ਗੁੱਗਾ ਮਾੜੀ ਹਰੀਗੜ੍ਹ ਮੱਥਾ ਟੇਕਿਆ



**ਨਾਭਾ (ਅਮਨ ਗਰਗ)**-ਪਰਮਜੀਤ ਕੌਰ ਬਾਜਵਾ ਵੱਲੋਂ ਗੁੱਗਾ ਮਾੜੀ ਹਰੀਗੜ੍ਹ ਵਿਖੇ ਮੱਥਾ ਟੇਕਿਆ ਗਿਆ। ਇਸ ਦੌਰਾਨ ਉਨ੍ਹਾਂ ਬਾਬਾ ਗੁਰਵਿੰਦਰ ਨਾਥ ਪਾਸੋਂ ਅਸੀਸਾਂ ਪ੍ਰਾਪਤ ਕੀਤੀਆਂ ਤੇ ਸਮਾਜ ਦੇ ਭਲੇ ਅਤੇ ਤੰਦਰੁਸਤੀ ਲਈ ਅਰਦਾਸ ਕੀਤੀ। ਬਾਜਵਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਉਨ੍ਹਾਂ ਨੇ ਸਰਬੱਤ ਦੇ ਭਲੇ ਅਤੇ ਸਮਾਜ ਨੂੰ ਤੰਦਰੁਸਤ ਰੱਖਣ ਲਈ ਗੁਰੂ ਚਰਨਾਂ ਵਿੱਚ ਅਰਦਾਸ ਕੀਤੀ ਹੈ। ਉਨ੍ਹਾਂ ਸੰਦੇਸ਼ ਦਿੰਦਿਆਂ ਕਿਹਾ ਕਿ ਜੇਕਰ ਸਾਡਾ ਸਮਾਜ ਤੰਦਰੁਸਤ ਅਤੇ ਖ਼ੁਸ਼ਹਾਲ ਹੋਵੇਗਾ ਤਾਂ ਹੀ ਅਸੀਂ ਸਾਰੇ ਤਰੱਕੀ ਕਰ ਸਕਾਂਗੇ।

## ਕਿਸਾਨਾਂ ਦੇ ਹੱਕਾਂ ਲਈ ਸੜਕਾਂ ਉੱਤੇ ਉੱਤਰਾਂਗੇ : ਚੰਦੂਮਾਜਰਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਅਕਾਲੀ ਦਲ (ਪੁਨਰ ਸੁਰਜੀਤ) ਨੇ ਬੇਮੌਸਮੇ ਮੀਂਹ ਕਰਕੇ ਕਿਸਾਨਾਂ ਦੀ ਫ਼ਸਲ ਦੇ ਖ਼ਰਾਬ ਹੋਣ ਉੱਤੇ ਸੂਬਾ ਸਰਕਾਰ ਦੇ ਪ੍ਰਬੰਧਾਂ ਉੱਤੇ ਸਵਾਲ ਚੁੱਕੇ ਹਨ।ਇਸ ਦੇ ਨਾਲ ਹੀ ਸਰਕਾਰ ਉੱਤੇ ਪੰਜਾਬ ਦੇ ਅੰਨਦਾਤਾ ਨੂੰ ਅਣਗੌਲਿਆ ਕਰਨ ਦੇ ਦੋਸ਼ ਲਾਏ ਹਨ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਅਕਾਲੀ ਦਲ (ਪੁਨਰ ਸੁਰਜੀਤ) ਦੇ ਸੀਨੀਅਰ ਆਗੂ ਤੇ ਸਾਬਕਾ ਵਿਧਾਇਕ ਹਰਿੰਦਰ ਪਾਲ ਸਿੰਘ ਚੰਦੂਮਾਜਰਾ ਨੇ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਫ਼ੌਰੀ ਤੌਰ 'ਤੇ ਕਿਸਾਨਾਂ ਦੇ ਖੇਤਾਂ ਵਿੱਚ ਖ਼ਰਾਬ ਹੋਈ ਫ਼ਸਲ ਦੀ ਗਿਰਦਾਵਰੀ ਕਰਾਏ ਤੇ ਨਾਲ ਹੀ ਮੰਡੀਆਂ ਵਿੱਚ ਖ਼ਰਾਬ ਹੋਈ ਫ਼ਸਲ ਦਾ ਮੁਆਇਨਾ ਕਰਵਾ ਕੇ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਦੇਵੇ।ਉਨ੍ਹਾਂ ਕਿਹਾ ਕਿ ਅਕਾਲੀ ਦਲ (ਪੁਨਰ ਸੁਰਜੀਤ) ਵੱਲੋਂ ਕਿਸਾਨਾਂ ਦੇ ਹੱਕਾਂ ਲਈ ਕੇਂਦਰ ਅਤੇ ਸੂਬਾ ਸਰਕਾਰ ਦੇ ਨਾਮ 14 ਅਕਤੂਬਰ ਨੂੰ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਸੌਂਪੇ ਜਾਣਗੇ, ਜਦੋਂ ਕਿ ਅਗਲੇ ਹਫ਼ਤੇ ਪੰਜਾਬ ਸਰਕਾਰ ਨੂੰ ਜਗਾਉਣ ਲਈ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ।ਹਰਿੰਦਰ ਪਾਲ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਲੰਘੇ ਦਿਨੀਂ ਪਏ ਮੀਂਹ ਕਰਕੇ ਵਧੇਰੇ ਥਾਵਾਂ 'ਤੇ ਝੋਨੇ ਦੀ ਫ਼ਸਲ ਬਦਰੰਗ ਵੀ ਹੋਵੇਗੀ ਤੇ ਭਵਿੱਖ ਵਿੱਚ ਹੋਰ ਕਈ ਕਿਸਮ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ।

## ਵਰਲਡ ਯੂਨੀਵਰਸਿਟੀ ਵਿਖੇ ਲੋਕਾਂ ਨੂੰ ਕਾਨੂੰਨੀ ਹੱਕਾਂ ਬਾਰੇ ਕੀਤਾ ਜਾਗਰੂਕ




**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫ਼ਤਿਹਗੜ੍ਹ ਸਾਹਿਬ ਦੇ ਯੂਨੀਵਰਸਿਟੀ ਸਕੂਲ ਆਫ਼ ਲਾਅ ਦੀ ਲੀਗਲ ਏਡ ਸੁਸਾਇਟੀ ਵੱਲੋਂ ਸਥਾਨਕ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਪਿੰਡ ਕੋਟਲਾ ਭਾਈ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਵਿਖੇ 'ਜਸਟਿਸ ਐਟ ਦਾ ਡੋਰਸਟੈਪ' ਨਾਮ ਹੇਠ ਕਾਨੂੰਨੀ ਜਾਗਰੂਕਤਾ ਕੈਂਪ ਲਗਾਇਆ ਗਿਆ।ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।ਇਹ ਕੈਂਪ ਯੂਨੀਵਰਸਿਟੀ ਸਕੂਲ ਆਫ਼ ਲਾਅ ਦੇ ਮੁਖੀ ਤੇ ਡੀਨ ਪ੍ਰੋ. (ਡਾ.) ਅਮਿਤਾ ਕੌਸ਼ਲ ਦੀ ਵਿਦਿਅਕ ਅਗਵਾਈ ਹੇਠ ਲਗਾਇਆ ਗਿਆ।ਕੈਂਪ ਦੇ ਪ੍ਰਬੰਧਾਂ ਦੀ ਜ਼ਿੰਮੇਵਾਰੀ ਲੀਗਲ ਏਡ ਕਲੀਨਿਕ ਦੀ ਇੰਚਾਰਜ ਤੇ ਕਨਵੀਨਰ ਡਾ. ਨਵਨੀਤ ਕੌਰ ਨੇ ਨਿਭਾਈ।ਇਸ ਕਾਰਜ ਵਿੱਚ ਫੈਕਲਟੀ ਤਾਲਮੇਲਕਾਰ ਮਿਸ ਨੂਰਕਮਲ ਕੌਰ ਤੇ ਮਿਸ ਅਸ਼ਵੀਰ ਕੌਰ ਸਰਾਓ ਨੇ ਵੀ ਸਹਿਯੋਗ ਦਿੱਤਾ।ਕੈਂਪ ਵਿੱਚ ਲਗਭਗ 25 ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ ਤੇ ਭਾਰਤੀ ਸੰਵਿਧਾਨ ਦੀਆਂ ਧਾਰਾਵਾਂ 14, 21 ਤੇ 22 ਬਾਰੇ ਜਾਣਕਾਰੀ ਸਾਂਝੀ ਕੀਤੀ।ਉਨ੍ਹਾਂ ਨੇ ਸਮਾਨਤਾ ਦੇ ਹੱਕ, ਜੀਵਨ ਤੇ ਨਿੱਜੀ ਆਜ਼ਾਦੀ ਦੇ ਹੱਕ ਤੇ ਮਨਮਾਨੀ ਗ੍ਰਿਫ਼ਤਾਰੀ ਤੇ ਹਿਰਾਸਤ ਤੋਂ ਬਚਾਅ ਲਈ ਸੰਵਿਧਾਨਕ ਸੁਰੱਖਿਆ ਬਾਰੇ ਪਿੰਡ ਵਾਸੀਆਂ ਨੂੰ ਜਾਣੂ ਕਰਵਾਇਆ।ਇਸ ਤੋਂ ਇਲਾਵਾ ਸਿੱਖਿਆ ਦੇ ਹੱਕ, ਰੁਜ਼ਗਾਰ ਦੇ ਹੱਕ, ਵਿਹਲੇ ਸਮੇਂ ਦੇ ਹੱਕ, ਮੁਫ਼ਤ ਕਾਨੂੰਨੀ ਸਹਾਇਤਾ ਤੇ ਲੋਕ ਅਦਾਲਤਾਂ ਦੀ ਮਹੱਤਤਾ ਬਾਰੇ ਵੀ ਚਾਨਣਾ ਪਾਇਆ ਗਿਆ।ਇਨ੍ਹਾਂ ਹੱਕਾਂ ਤੇ ਸਹੂਲਤਾਂ ਨੂੰ ਨਿਆਂ ਤੱਕ ਪਹੁੰਚ ਤੇ ਮਨੁੱਖੀ ਮਾਣ-ਸਨਮਾਨ ਦੀ ਰਾਖੀ ਲਈ ਅਹਿਮ ਦੱਸਿਆ ਗਿਆ।ਪਿੰਡ ਵਾਸੀਆਂ ਨੇ ਕੈਂਪ ਵਿੱਚ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ ਤੇ ਵਿਦਿਆਰਥੀਆਂ ਨਾਲ ਵਿਚਾਰ-ਚਰਚਾ ਕਰਦਿਆਂ ਆਪਣੇ ਕਾਨੂੰਨੀ ਹੱਕਾਂ ਤੇ ਉਨ੍ਹਾਂ ਦੀ ਰਾਖੀ ਲਈ ਉਪਲਬਧ ਢੰਗਾਂ ਬਾਰੇ ਸਵਾਲ ਪੁੱਛੇ। ਪ੍ਰਬੰਧਕਾਂ ਨੇ ਪਿੰਡ ਕੋਟਲਾ ਭਾਈ ਦੀ ਸਰਪੰਚ ਸ੍ਰੀਮਤੀ ਚਰਨਜੀਤ ਕੌਰ, ਪੰਚਾਇਤ ਮੈਂਬਰ ਮਿਸ ਸਿਮਰਜੀਤ ਕੌਰ ਤੇ ਸਮੁੱਚੀ ਗ੍ਰਾਮ ਪੰਚਾਇਤ ਦਾ ਕੈਂਪ ਦੀ ਸਫ਼ਲਤਾ ਲਈ ਧੰਨਵਾਦ ਕੀਤਾ।

## ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਸੈਮੀਨਾਰ



**ਸੰਗਰੂਰ (ਪ੍ਰਵੀਨ ਸਿੰਘ)**-ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਸੈਮੀਨਾਰ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਚੰਨੋ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੰਨੋ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੱਜੂਮਾਜਰਾ ਵਿਖੇ ਕਰਵਾਇਆ ਗਿਆ, ਜਿਸ ਵਿੱਚ ਮੁੱਖ ਬੁਲਾਰਾ ਤਰਕਸ਼ੀਲ ਸੁਸਾਇਟੀ ਆਗੂ ਮਾਸਟਰ ਸੁਰਜੀਤ ਦੌਧਰ ਪਹੁੰਚੇ।ਇਸ ਪ੍ਰੋਗਰਾਮ ਵਿੱਚ ਬੱਚਿਆਂ ਨੂੰ ਜੋਤਿਸ਼ ਗ੍ਰਹਿ ਵਿਗਿਆਨ ਤੇ ਇਸ ਨਾਲ ਜੁੜੇ ਅੰਧਵਿਸ਼ਵਾਸ, ਵਹਿਮਾਂ-ਭਰਮਾਂ ਬਾਰੇ ਤਰਕਸ਼ੀਲ ਆਗੂ ਮਾਸਟਰ ਸੁਰਜੀਤ ਸਿੰਘ ਦੌਦਰ ਨੇ ਜਾਣੂ ਕਰਵਾਇਆ।ਇਸ ਨਾਲ ਸੰਬੰਧਤ ਹਸਤ ਰੇਖਾ, ਰਾਸ਼ੀਫਲ, ਮੰਗਲੀਕ ਦੋਸ਼, ਵਾਸਤੂਸ਼ਾਸਤ ਬਾਰੇ ਬੱਚਿਆਂ ਦੇ ਪ੍ਰਸ਼ਨ ਦਾ ਜੁਆਬ ਦਿੱਤਾ।ਪੁਰਾਣੇ ਚੱਲੇ ਆ ਰਹੇ ਰੀਤੀ ਰਿਵਾਜਾਂ, ਜਿਵੇਂ ਕਿ ਕਾਲਾ ਟਿੱਕਾ ਲਗਾਉਣਾ, ਟੂਣਾ ਕਰਨਾ, ਬੱਚਿਆਂ ਦੀ ਨਜ਼ਰ ਉਤਾਰਨੀ ਆਦਿ ਦਾ ਵਿਗਿਆਨਕ ਪਿਛੋਕੜ ਦੱਸਿਆ, ਜਦੋਂ ਕਿ ਅੱਜ ਦੇ ਸਮਾਜ ਵਿੱਚ ਇਨ੍ਹਾਂ ਦੀ ਲੋੜ ਨਹੀਂ ਰਹੀ, ਫੇਰ ਵੀ ਅਸੀਂ ਇਨ੍ਹਾਂ ਰਸਮਾਂ ਨੂੰ ਢੋਂਹਦੇ ਆ ਰਹੇ ਹਾਂ, ਬਾਰੇ ਮਾਸਟਰ ਸੁਰਜੀਤ ਦੌਧਰ ਨੇ ਬੱਚਿਆਂ ਨੂੰ ਸਰਲ ਭਾਸ਼ਾ ਵਿੱਚ ਜਾਣੂ ਕਰਵਾਇਆ।ਇਸ ਸੈਮੀਨਾਰ ਵਿੱਚ ਦੋਵੇਂ ਸਕੂਲਾਂ ਦੇ ਪ੍ਰਿੰਸੀਪਲਾਂ ਤੇ ਸਮੂਹ ਸਟਾਫ ਨੇ ਤਰਕਸ਼ੀਲ ਸੁਸਾਇਟੀ ਤੇ ਮਾਸਟਰ ਸੁਰਜੀਤ ਦੌਧਰ ਦਾ ਭਰਪੂਰ ਸਹਿਯੋਗ ਕੀਤਾ।ਬੱਚਿਆਂ ਨੂੰ ਵਿਗਿਆਨਕ ਦ੍ਰਿਸ਼ਟੀ ਬਾਰੇ ਜਾਗਰੂਕ ਕਰਨ, ਰਹਿਣ ਦੀ ਸਿੱਖਿਆ ਦਿੱਤੀ।ਸੋਸਾਇਟੀ ਦੇ ਹਾਜ਼ਰ ਸਾਥੀ ਮੁਖੀ ਤਰਸੇਮ ਭਵਾਨੀਗੜ੍ਹ, ਸੁਖਦੀਪ ਸੁੱਖਾ, ਓਮੇਸ਼ ਚੰਨੋ, ਭੁਪਿੰਦਰ ਗੱਜੂਮਾਜਰਾ ਹਾਜ਼ਰ ਰਹੇ।

## ਝੰਡੀ ਦੀ ਰਸਮ ਨਾਲ ਸੁਨਾਮ ਦੀ ਪ੍ਰਾਚੀਨ ਰਾਮਲੀਲ੍ਹਾ ਦਾ ਆਗਾਜ਼



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸ਼ਹਿਰ ਦੀ ਪ੍ਰਾਚੀਨ ਧਾਰਮਿਕ ਤੇ ਸੱਭਿਆਚਾਰਕ ਪ੍ਰੰਪਰਾ ਨੂੰ ਅੱਗੇ ਵਧਾਉਂਦਿਆਂ ਸ੍ਰੀ ਸਨਾਤਨ ਧਰਮ ਰਾਮਲੀਲ੍ਹਾ ਕਲੱਬ ਵੱਲੋਂ ਪਹਿਲੇ ਨਰਾਤੇ ਮੌਕੇ ਰਾਮਲੀਲ੍ਹਾ ਦਾ ਸ਼ੁਭ ਆਰੰਭ ਕੀਤਾ ਗਿਆ।ਇਸ ਮੌਕੇ ਸਭ ਤੋਂ ਪਹਿਲਾਂ ਸ਼ਿਵ ਮੰਦਰ ਵਿਖੇ ਸ੍ਰੀ ਰਾਮਾਇਣ ਜੀ ਦੇ ਮੂਲ ਪਾਠ ਦੀ ਸ਼ੁਰੂਆਤ ਕੀਤੀ ਗਈ, ਉਪਰੰਤ ਕਲੱਬ ਦੀ ਰਵਾਇਤ ਅਨੁਸਾਰ ਝੰਡੀ ਲਗਾਉਣ ਦੀ ਰਸਮ ਅਦਾ ਕੀਤੀ ਗਈ।ਸਵਾਮੀ ਦੇਵ ਸਿੰਘ ਤੇ ਕਲੱਬ ਦੇ ਪ੍ਰਧਾਨ ਮਨਜੀਤ ਸਿੰਘ ਕਾਕਾ ਦੀ ਅਗਵਾਈ ਹੇਠ ਦਰਬਾਰ ਸ੍ਰੀ ਮਾਤਾ ਮੋਦੀ ਸਾਹਿਬ ਵਿਖੇ ਝੰਡੀ ਲਗਾਉਣ ਦੀ ਰਸਮ ਪੂਰੀ ਕੀਤੀ ਗਈ।ਕਲੱਬ ਦੀ ਸਾਲਾਂ ਪੁਰਾਣੀ ਪ੍ਰੰਪਰਾ ਅਨੁਸਾਰ ਇਸ ਰਸਮ ਨੂੰ ਰਾਮਲੀਲ੍ਹਾ ਦੇ ਆਗਾਜ਼ ਦਾ ਅਹਿਮ ਹਿੱਸਾ ਮੰਨਿਆ ਜਾਂਦਾ ਹੈ।ਇਸ ਮੌਕੇ ਕਲੱਬ ਦੇ ਸਮੂਹ ਪਾਤਰ ਤੇ ਮੈਂਬਰ ਹਾਜ਼ਰ ਸਨ।

## ਵਿਦਿਆਰਥੀਆਂ ਨੂੰ ਵਿੱਦਿਅਕ ਕਰਜ਼ੇ ਸੰਬੰਧੀ ਜਾਣਕਾਰੀ ਦਿੱਤੀ



**ਧੂਰੀ (ਮਨੋਹਰ ਸਿੰਘ ਸੱਗੂ)**-ਸੀਨੀਅਰ ਸੈਕੰਡਰੀ ਸਮਾਰਟ ਸਕੂਲ ਧੂਰੀ ਪਿੰਡ ਵਿਖੇ ਵਿਦਿਆਰਥੀਆਂ ਨੂੰ ਸੀਨੀਅਰਜ਼ ਨਾਲ ਮਿਲਾਉਣ ਦੀ ਕੜੀ ਵਜੋਂ ਸ੍ਰੀ ਜਗਦੇਵ ਸ਼ਰਮਾ ਸਾਬਕਾ ਸੀਨੀਅਰ ਮੈਨੇਜਰ ਪੀ ਐੱਨ ਬੀ ਤੇ ਸ: ਸੰਤ ਸਿੰਘ ਸਾਬਕਾ ਲੈਕਚਰਾਰ ਨੇ ਸਕੂਲ ਦਾ ਦੌਰਾ ਕੀਤਾ। ਸ੍ਰੀ ਜਗਦੇਵ ਸ਼ਰਮਾ ਨੇ ਸਮਾਜ ਦੇ ਸਾਰੇ ਵਰਗਾਂ ਨੂੰ ਬੈਂਕਾਂ ਤੋਂ ਮਿਲਣ ਵਾਲੇ ਕਰਜ਼ਿਆਂ ਸੰਬੰਧੀ ਜਾਣਕਾਰੀ ਸਾਂਝੀ ਕੀਤੀ। ਬੱਚਿਆਂ ਨੇ ਐਜੂਕੇਸ਼ਨ ਲੋਨ ਪ੍ਰਤੀ ਡੂੰਘੀ ਦਿਲਚਸਪੀ ਦਿਖਾਈ। ਸ: ਸੰਤ ਸਿੰਘ ਜੀ ਨੇ ਨੈਤਿਕ ਸਿੱਖਿਆ 'ਤੇ ਜ਼ੋਰ ਦਿੱਤਾ ਅਤੇ ਗੁਰੂਆਂ ਦੀ ਸਿੱਖਿਆ ਮੁਤਾਬਕ, ਹੱਥੀਂ ਕਿਰਤ ਕਰਨ ਲਈ ਪ੍ਰੇਰਤ ਕੀਤਾ। ਸ਼ੁਰੂਆਤ ਵਿੱਚ ਪ੍ਰਿੰਸੀਪਲ ਮੈਡਮ ਨੀਲਮ ਸ਼ਰਮਾ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਅਖੀਰ ਤੇ ਲੈਕਚਰਾਰ ਸ: ਸੰਦੀਪ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ।

## ਵੋਟ ਅਧਿਕਾਰ ਖੋਹਣ ਖਿਲਾਫ਼ ਵਿਰੋਧ ਪ੍ਰਗਟਾਉਣ ਵਾਲੇ ਨੌਜਵਾਨ ਰਿਹਾਅ ਕਰਨ ਦੀ ਮੰਗ : ਕੰਵਲਜੀਤ ਖੰਨਾ

**ਲੁਧਿਆਣਾ (ਸਤੀਸ਼ ਸਚਦੇਵਾ)**-ਐਸ ਆਈ ਆਰ ਰਾਹੀਂ ਕਰੋੜਾਂ ਲੋਕਾਂ ਦੇ ਵੋਟ ਦਾ ਅਧਿਕਾਰ ਖੋਹਣ ਖਿਲਾਫ਼ ਵਿਰੋਧ ਪ੍ਰਗਟਾਉਣ ਵਾਲੇ ਨੌਜਵਾਨਾਂ, ਪੱਤਰਕਾਰਾਂ, ਸਮਾਜਿਕ ਕਾਰਕੁੰਨਾਂ ਨੂੰ ਰਿਹਾਅ ਕਰੋ-ਕੰਵਲਜੀਤ ਖੰਨਾ ਜਮਾਤੀ, ਤਬਕਾਤੀ ਮੰਗਾਂ ਲਈ ਸੰਘਰਸ਼ ਕਰਦਿਆਂ, ਹਕੂਮਤੀ ਹੱਲੇ ਖਿਲਾਫ਼ ਇਕਜੁਟ ਹੋਵੋ-ਨਰਾਇਣ ਦੱਤ ਐਸ ਆਈ ਆਰ ਤਹਿਤ ਕਰੋੜਾਂ ਲੋਕਾਂ ਦੇ ਵੋਟ ਦਾ ਹੱਕ ਖੋਹਣ ਖਿਲਾਫ਼ ਦਿੱਲੀ ਜੰਤਰ-ਮੰਤਰ ਵਿਖੇ ਨੌਜਵਾਨਾਂ ਵਿਦਿਆਰਥੀਆਂ ਉੱਪਰ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੁਲਿਸ ਬਲਾਂ ਵੱਲੋਂ ਕੀਤੀ ਗੁੰਡਾਗਰਦੀ ਦਾ ਇਨਕਲਾਬੀ ਕੇਂਦਰ ਪੰਜਾਬ ਸਖ਼ਤ ਨਿਖੇਧੀ ਕਰਦਾ ਹੋਇਆ ਮੰਗ ਕਰਦਾ ਹੈ ਕਿ ਪੁਲਿਸ ਬਲਾਂ ਵੱਲੋਂ ਗ੍ਰਿਫ਼ਤਾਰ ਕੀਤੇ ਵਿਦਿਆਰਥੀਆਂ ਤੇ ਸਮਾਜਿਕ ਸਿਆਸੀ ਕਾਰਕੁੰਨਾਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ।ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਨਰਾਇਣ ਦੱਤ ਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਪੁਲਸ ਬਲਾਂ ਦਾ ਇਹ ਹਮਲਾ ਮੋਦੀ ਹਕੂਮਤ ਦੇ ਜਾਬਰ ਫਿਰਕੂ ਫਾਸ਼ੀ ਹੱਲੇ ਦੀ ਕੜੀ ਦਾ ਹਿੱਸਾ ਹੈ।ਗੱਲ ਪੁਲਸ ਜਬਰ ਤੱਕ ਹੀ ਨਹੀਂ ਮੁੱਕਦੀ, ਸ਼ਨੀਵਾਰ ਨੂੰ ਦਿੱਲੀ ਵਿੱਚ ਪ੍ਰਦਰਸ਼ਨ ਦੌਰਾਨ ਇੱਕ ਲੜਕੀ ਉੱਤੇ ਹਮਲਾ ਕਰਨ ਦੇ ਮਾਮਲੇ ਵਿੱਚ ਹਿੰਦੂ ਰੱਖਿਆ ਦਲ ਦੇ 4 ਮੈਂਬਰਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਦੀ ਪਛਾਣ ਰਮਨ ਸੈਣੀ (50), ਵਿਵੇਕਾਨੰਦ ਉਰਫ਼ ਵਿਵੇਕ (32), ਕਪਿਲ ਕੁਮਾਰ (27) ਅਤੇ ਰਵਿੰਦਰ ਸਿੰਘ ਉਰਫ਼ ਗੋਵਿੰਦ ਹਿੰਦੂ (35) ਵਜੋਂ ਹੋਈ ਹੈ।ਇਨ੍ਹਾਂ ਲੋਕਾਂ ਦਾ ਦੀਨ ਦਿਆਲ ਉਪਾਧਿਆਏ ਮਾਰਗ ਉੱਤੇ ਲੜਕੀ ਉੱਤੇ ਹਮਲਾ ਕਰਨ ਤੇ ਕੁੱਟਮਾਰ ਕਰਨ ਦਾ ਵੀਡੀਓ ਵਾਇਰਲ ਹੋਇਆ ਸੀ, ਜਿਸ ਤੋਂ ਬਾਅਦ ਪੁਲਿਸ ਨੇ ਕਾਰਵਾਈ ਕਰਦਿਆਂ ਭਲੇ ਹੀ ਇਨ੍ਹਾਂ ਚਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਪਰ ਇਸ ਘਟਨਾ ਨੇ ਸਾਬਤ ਕਰ ਦਿੱਤਾ ਹੈ ਕਿ ਪ੍ਰਦਰਸ਼ਨਕਾਰੀਆਂ ਉੱਤੇ ਹਮਲਾ ਤਾਨਾਸ਼ਾਹ ਮੋਦੀ-ਸਾਹ ਹਕੂਮਤ ਦੀ ਪੂਰੀ ਸੋਚੀ ਸਮਝੀ ਸਕੀਮ ਦਾ ਹਿੱਸਾ ਹੈ।ਇਨਕਲਾਬੀ ਕੇਂਦਰ ਪੰਜਾਬ ਦੇ ਆਗੂਆਂ ਮੁਖਤਿਆਰ ਪੂਹਲਾ, ਜਸਵੰਤ ਜੀਰਖ ਅਤੇ ਜਗਜੀਤ ਲਹਿਰਾ ਮੁਹੱਬਤ ਨੇ ਕਿਹਾ ਕਿ ਸੰਘਰਸ਼ ਨੂੰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਤੱਕ ਹੀ ਸੀਮਤ ਨਹੀਂ ਕੀਤਾ ਜਾਣਾ ਚਾਹੀਦਾ, ਸਗੋਂ ਮੋਦੀ-ਸ਼ਾਹ ਜੋੜੀ ਇਸ ਸਾਰੇ ਅਮਲੇ ਦੇ ਅਸਲ ਸੂਤਰਧਾਰ ਹੈ।

## ਸੁਖਾਨੰਦ ਲਗਾਤਾਰ ਦੂਜੀ ਵਾਰ ਜਿੱਤ ਕੇ ਵਿਧਾਨ ਸਭਾ 'ਚ ਜਾਣਗੇ : 'ਆਪ' ਆਗੂ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਆਂ ਸੋਨੀ ਧਾਲੀਵਾਲ ਮਾੜੀ ਮੁਸਤਫਾ, ਸਰਪੰਚ ਗੁਰਭੇਜ ਸਿੰਘ ਮਾੜੀ ਮੁਸਤਫਾ, ਸਰਪੰਚ ਗੁਰਵੀਰ ਸਿੰਘ ਡੇਮਰੂ, ਪ੍ਰਦੀਪ ਰੋਡੇ ਬਲਾਕ ਪ੍ਰਧਾਨ ਸੋਸ਼ਲ ਮੀਡੀਆ ਅਤੇ ਨਸ਼ਾ ਮੋਰਚਾ ਅਤੇ ਬੇਅੰਤ ਰੋਡੇ ਬਲਾਕ ਪ੍ਰਧਾਨ ਕਿਸਾਨ ਵਿੰਗ ਨੇ ਦਾਅਵਾ ਕੀਤਾ ਕਿ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਲਗਾਤਾਰ ਦੂਜੀ ਵਾਰ ਜਿੱਤ ਹਾਸਲ ਕਰਕੇ ਵਿਧਾਨ ਸਭਾ ਵਿੱਚ ਪਹੁੰਚਣਗੇ।ਸੋਨੀ ਧਾਲੀਵਾਲ ਮਾੜੀ ਮੁਸਤਫਾ, ਸਰਪੰਚ ਗੁਰਭੇਜ ਸਿੰਘ ਮਾੜੀ ਮੁਸਤਫਾ ਨੇ ਕਿਹਾ ਕਿ ਹਲਕੇ ਦੇ ਲੋਕ ਵਿਧਾਇਕ ਵੱਲੋਂ ਕਰਵਾਏ ਗਏ ਵਿਕਾਸ ਕਾਰਜਾਂ ਨੂੰ ਦੇਖਦਿਆਂ ਮੁੜ ਆਮ ਆਦਮੀ ਪਾਰਟੀ ਦੇ ਹੱਕ ਵਿਚ ਆਪਣਾ ਫਤਵਾ ਦੇਣਗੇ।'ਆਪ' ਆਗੂਆਂ ਨੇ ਕਿਹਾ ਕਿ ਵਿਧਾਇਕ ਨੇ ਆਪਣੇ ਕਾਰਜਕਾਲ ਦੌਰਾਨ ਹਲਕੇ ਦੇ ਵਿਕਾਸ ਲਈ ਪੰਜਾਬ ਸਰਕਾਰ ਤੋਂ ਕਰੋੜਾਂ ਰੁਪਏ ਦੀਆਂ ਗ੍ਰਾਂਟਾਂ ਮਨਜ਼ੂਰ ਕਰਾਈਆਂ ਹਨ ਅਤੇ ਵੱਖ-ਵੱਖ ਖੇਤਰਾਂ ਵਿਚ ਵਿਕਾਸ ਕਾਰਜ ਕਰਾਏ ਹਨ।ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਅਤੇ ਹਲਕੇ ਵਿਚ ਹੋਏ ਕੰਮਾਂ ਸਦਕਾ ਪਾਰਟੀ ਪ੍ਰਤੀ ਲੋਕਾਂ ਦਾ ਸਮਰਥਨ ਮਜ਼ਬੂਤ ਹੋਇਆ ਹੈ।

ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਪਿਛਲੇ ਪ੍ਰਦਰਸ਼ਨ ਦੇ ਆਧਾਰ 'ਤੇ ਲੋਕਾਂ ਵਿਚ ਜਾਵੇਗੀ।ਨਗਰ ਕੌਂਸਲ ਦੇ 15 ਕੌਂਸਲਰਾਂ ਨੂੰ ਸਸਪੈਂਡ ਕਰਨ ਤੇ ਛੇ ਹਫ਼ਤਿਆਂ ਦੇ ਅੰਦਰ ਚੋਣਾਂ ਕਰਾਉਣ ਸਬੰਧੀ ਸੁਪਰੀਮ ਕੋਰਟ ਦੇ ਫੈਸਲੇ ਦਾ ਸਵਾਗਤ ਕਰਦਿਆਂ ਸਰਪੰਚ ਗੁਰਵੀਰ ਸਿੰਘ ਡੇਮਰੂ, ਪ੍ਰਦੀਪ ਰੋਡੇ ਬਲਾਕ ਪ੍ਰਧਾਨ ਸੋਸ਼ਲ ਮੀਡੀਆ ਤੇ ਨਸ਼ਾ ਮੋਰਚਾ ਅਤੇ ਬੇਅੰਤ ਰੋਡੇ ਬਲਾਕ ਪ੍ਰਧਾਨ ਕਿਸਾਨ ਵਿੰਗ ਨੇ ਕਿਹਾ ਕਿ ਪਾਰਟੀ ਅਦਾਲਤ ਦੇ ਹੁਕਮਾਂ ਦਾ ਸਤਿਕਾਰ ਕਰਦੀ ਹੈ।ਉਨ੍ਹਾਂ ਭਰੋਸਾ ਜਤਾਇਆ ਕਿ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੀ ਅਗਵਾਈ ਹੇਠ ਹੋਣ ਵਾਲੀਆਂ ਨਗਰ ਕੌਂਸਲ ਚੋਣਾਂ ਵਿਚ ਆਮ ਆਦਮੀ ਪਾਰਟੀ ਸਾਰੇ 15 ਵਾਰਡਾਂ ਵਿਚ ਜਿੱਤ ਦਰਜ ਕਰੇਗੀ ਤੇ ਨਗਰ ਕੌਂਸਲ ਦਾ ਪ੍ਰਧਾਨ ਵੀ ਪਾਰਟੀ ਦਾ ਹੀ ਬਣੇਗਾ।

## ਖੁੱਡੀਆਂ ਨੇ ਕਿਸਾਨਾਂ ਨੂੰ ਮੰਡੀਆਂ 'ਚ ਸੁੱਕੀ ਫ਼ਸਲ ਲਿਆਉਣ ਦੀ ਕੀਤੀ ਅਪੀਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ)**-ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਐਮ.ਐਸ.ਪੀ. ਰੇਟ 2461/- ਰੁਪਏ ਦੇ ਹਿਸਾਬ ਨਾਲ ਦਾਣਾ ਮੰਡੀ ਕਿੱਲਿਆਂਵਾਲੀ ਵਿਖੇ ਕਿਸਾਨਾਂ ਵੱਲੋਂ ਲਿਆਂਦੇ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਾਈ ਗਈ।ਖੇਤੀਬਾੜੀ ਮੰਤਰੀ ਵੱਲੋਂ ਕਿਸਾਨਾਂ ਦਾ ਮੂੰਹ ਮਿੱਠਾ ਕਰਾਇਆ ਗਿਆ।ਮੰਡੀ ਵਿੱਚ ਲਗਭਗ 200 ਕੁਇੰਟਲ ਝੋਨੇ ਦੀ ਆਮਦ ਹੋਈ ਤੇ ਪਹਿਲੇ ਦਿਨ 100 ਕੁਇੰਟਲ ਝੋਨੇ ਦੀ ਖਰੀਦ ਕੀਤੀ ਗਈ।ਉਨਾਂ ਅਫ਼ਸਰਾਂ ਨੂੰ ਸਖਤ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਕਿਸਾਨ ਸਾਡੇ ਭਰਾ ਹਨ ਤੇ ਕਿਸਾਨਾਂ ਦੀ ਝੋਨੇ ਦੀ ਫ਼ਸਲ ਨੂੰ ਖਰੀਦਣ ਸਮੇਂ ਕਿਸੇ ਵੀ ਤਰੀਕੇ ਦੀ ਕਾਟ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਜੇਕਰ ਅਜਿਹਾ ਕੁਝ ਹੁੰਦਾ ਹੈ ਤਾਂ ਕੋਈ ਵੀ ਕਿਸਾਨ ਭਰਾ ਉਹਨਾਂ ਦੇ ਮਹਿਕਮੇ ਦੇ ਅਫ਼ਸਰ ਜਾਂ ਉਨ੍ਹਾਂ ਨਾਲ ਵੀ ਸਿੱਧਾ ਸੰਪਰਕ ਕਰ ਸਕਦਾ ਹੈ।ਖੁੱਡੀਆਂ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਮੰਡੀਆਂ ਵਿੱਚ ਪੁਖਤਾ ਪ੍ਰਬੰਧ ਕੀਤੇ ਗਏ ਹਨ ਤੇ ਕਿਸਾਨਾਂ, ਮਜ਼ਦੂਰਾਂ ਤੇ ਆੜ੍ਹਤੀਆਂ ਨੂੰ ਖ਼ਰੀਦ ਸੀਜ਼ਨ ਦੌਰਾਨ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਰਾਜ ਦੇ ਕਿਸਾਨਾਂ, ਮਜ਼ਦੂਰਾਂ ਤੇ ਹਰ ਵਰਗ ਦੀ ਭਲਾਈ ਲਈ ਯਤਨਸ਼ੀਲ ਹੈ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ 'ਚ ਸੁੱਕੀ ਫਸਲ ਹੀ ਲੈ ਕੇ ਆਉਣ ਤਾਂ ਜੁ ਉਨ੍ਹਾਂ ਨੂੰ ਮੰਡੀ ਵਿੱਚ ਕਿਸੇ ਤਰ੍ਹਾਂ ਦੀ ਦਿੱਕਤ ਨਾ ਆਵੇ ਤੇ ਮੰਡੀਆਂ ਵਿੱਚ ਭੀੜ ਦੀ ਸਮੱਸਿਆ ਨਾ ਬਣੇ।

## ਪੰਜੋਲਾਂ 'ਚ ਕੀਤੀ ਗਈ ਲੋਕ ਮਿਲਣੀ



**ਸਨੌਰ (ਰਾਜਿੰਦਰ ਸਿੰਘ ਥਿੰਦ)**-ਪਿੰਡ ਪੰਜੋਲਾਂ ਵਿਖੇ ਗੁਰਜੰਟ ਸਿੰਘ ਪੰਜੋਲਾਂ ਦੀ ਅਗਵਾਈ ਹੇਠ ਲੋਕ ਮਿਲਣੀ ਪ੍ਰੋਗਰਾਮ ਕਰਾਇਆ ਗਿਆ।ਪੰਜਾਬ ਐਗਰੋ ਫੂਡਗ੍ਰੇਨ ਕਾਰਪੋਰੇਸ਼ਨ ਦੇ ਚੇਅਰਮੈਨ ਅਤੇ ਲੋਕ ਸਭਾ ਹਲਕਾ ਪਟਿਆਲਾ ਦੇ ਇੰਚਾਰਜ ਸ੍ਰੀ ਬਲਜਿੰਦਰ ਸਿੰਘ ਢਿੱਲੋਂ ਨੇ ਪਿੰਡ ਵਾਸੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਵੱਖ-ਵੱਖ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ।ਲੋਕ ਮਿਲਣੀ ਦੌਰਾਨ ਪਿੰਡ ਵਾਸੀਆਂ ਨੇ ਪਿੰਡ ਦੇ ਵਿਕਾਸ ਕਾਰਜਾਂ, ਗਲੀਆਂ-ਨਾਲੀਆਂ, ਸੜਕਾਂ, ਸਾਫ਼-ਸਫ਼ਾਈ, ਪੀਣ ਵਾਲੇ ਪਾਣੀ ਅਤੇ ਹੋਰ ਬੁਨਿਆਦੀ ਸਹੂਲਤਾਂ ਨਾਲ ਸਬੰਧਤ ਆਪਣੇ ਮਸਲੇ ਰੱਖੇ।ਇਸ ਤੋਂ ਇਲਾਵਾ ਲੋਕਾਂ ਨੇ ਸਰਕਾਰੀ ਸਕੀਮਾਂ ਦਾ ਲਾਭ ਲੈਣ ਅਤੇ ਰੋਜ਼ਾਨਾ ਦੇ ਕੰਮਾਂ ਵਿੱਚ ਆ ਰਹੀਆਂ ਮੁਸ਼ਕਲਾਂ ਬਾਰੇ ਵੀ ਆਪਣੇ ਵਿਚਾਰ ਸਾਂਝੇ ਕੀਤੇ।ਸ੍ਰੀ ਬਲਜਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਸੁਣਨਾ ਅਤੇ ਉਨ੍ਹਾਂ ਦੇ ਹੱਲ ਲਈ ਯਤਨ ਕਰਨਾ ਲੋਕ ਮਿਲਣੀਆਂ ਦਾ ਮੁੱਖ ਉਦੇਸ਼ ਹੈ।ਉਨ੍ਹਾਂ ਭਰੋਸਾ ਦਿਵਾਇਆ ਕਿ ਪਿੰਡ ਵਾਸੀਆਂ ਵੱਲੋਂ ਉਠਾਏ ਗਏ ਮਸਲਿਆਂ ਨੂੰ ਸਬੰਧਤ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ ਅਤੇ ਸਮੱਸਿਆਵਾਂ ਦੇ ਹੱਲ ਲਈ ਹਰ ਸੰਭਵ ਯਤਨ ਕੀਤੇ ਜਾਣਗੇ।

## ਅੱਖਾਂ ਦੀ ਜਾਂਚ ਲਈ ਮੈਡੀਕਲ ਕੈਂਪ ਲਾਇਆ




**ਧੂਰੀ/ਸ਼ੇਰਪੁਰ (ਬਿੰਨੀ ਗਰਗ)**-ਪੰਜਾਬ ਸਰਕਾਰ ਦੀ ਪਹਿਲਕਦਮੀ ਤਹਿਤ ਚਲਾਈ ਜਾ ਰਹੀ 'ਸਿਹਤਮੰਦ ਅੱਖਾਂ, ਸੁਖਾਲਾ ਪੰਜਾਬ' ਮੁਹਿੰਮ ਤਹਿਤ ਪਿੰਡ ਘਨੌਰੀ ਕਲਾਂ ਵਿਖੇ ਅੱਖਾਂ ਦੀ ਮੁਫ਼ਤ ਜਾਂਚ ਲਈ ਮੈਡੀਕਲ ਕੈਂਪ ਲਾਇਆ ਗਿਆ।ਕੈਂਪ ਦਾ ਉਦਘਾਟਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਓ.ਐੱਸ.ਡੀ. ਸੁਖਵੀਰ ਸਿੰਘ ਨੇ ਕੀਤਾ।ਸ਼ੰਕਰਾ ਆਈ ਹਸਪਤਾਲ, ਲੁਧਿਆਣਾ ਦੇ ਸਹਿਯੋਗ ਨਾਲ ਲਾਏ ਗਏ ਇਸ ਕੈਂਪ ਦੌਰਾਨ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਮਰੀਜ਼ਾਂ ਦੀਆਂ ਅੱਖਾਂ ਦੀ ਮੁਫ਼ਤ ਜਾਂਚ ਕੀਤੀ ਗਈ ਤੇ ਲੋੜ ਅਨੁਸਾਰ ਡਾਕਟਰੀ ਸਲਾਹ ਦਿੱਤੀ ਗਈ।ਇਸ ਤੋਂ ਇਲਾਵਾ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਤੇ ਐਨਕਾਂ ਮੁਹੱਈਆ ਕਰਾਉਣ ਦੇ ਨਾਲ-ਨਾਲ ਅੱਖਾਂ ਦੇ ਲੋੜਵੰਦ ਮਰੀਜ਼ਾਂ ਦੇ ਆਪ੍ਰੇਸ਼ਨ ਦੀ ਸਹੂਲਤ ਵੀ ਦਿੱਤੀ ਗਈ।ਓ.ਐੱਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਅਤੇ 'ਰੰਗਲਾ ਪੰਜਾਬ, ਸਿਹਤਮੰਦ ਪੰਜਾਬ' ਦੇ ਸੁਪਨੇ ਨੂੰ ਸਾਕਾਰ ਕਰਨ ਲਈ ਵਚਨਬੱਧ ਹੈ।

## ਝੋਨੇ ਦੀ ਫ਼ਸਲ ਨੂੰ ਯੂ ਆਰ ਐੱਸ ਐਲਾਨ ਕੇ ਖਰੀਦ ਕਰਵਾਈ ਜਾਵੇ : ਗੁਰਦੀਪ ਚੀਮਾ

### ਜੇ ਪੰਜਾਬ ਤੇ ਕੇਂਦਰ ਸਰਕਾਰ ਨੇ ਧਿਆਨ ਨਾ ਦਿੱਤਾ ਤਾਂ ਸ਼ੈਲਰ ਮਾਲਕ ਹੜਤਾਲ 'ਤੇ ਜਾਣ ਲਈ ਹੋਣਗੇ ਮਜਬੂਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਬੀਤੇ ਦਿਨੀਂ ਪੰਜਾਬ ਅੰਦਰ ਹੋਈ ਬੇ-ਮੌਸਮੀ ਬਾਰਿਸ਼ ਨੇ ਜਿੱਥੇ ਸੂਬੇ ਦੇ ਕਿਸਾਨਾਂ ਨੂੰ ਝੰਬ ਕੇ ਰੱਖ ਦਿੱਤਾ, ਉਥੇ ਪੰਜਾਬ ਦੀ ਸ਼ੈਲਰ ਇੰਡਸਟ੍ਰੀਜ਼ ਦੀ ਵੀ ਨੀਂਦ ਉਡਾ ਦਿੱਤੀ ਹੈ, ਕਿਉਂਕਿ ਪੰਜਾਬ ਅੰਦਰ ਜਿੱਥੇ ਮੀਂਹ ਕਾਰਨ ਖੇਤਾਂ 'ਚ ਖੜੀ ਝੋਨੇ ਦੀ ਫਸਲ ਨੁਕਸਾਨੀ ਗਈ ਹੈ, ਉਥੇ ਮੰਡੀਆਂ ਵਿੱਚ ਪਈ ਫਸਲ ਨੂੰ ਭਾਰੀ ਨੁਕਸਾਨ ਹੋਣ ਕਾਰਨ ਝੋਨਾ ਨਿਰਧਾਰਤ ਮਾਪ ਦੰਡਾਂ 'ਤੇ ਖਰਾ ਨਹੀਂ ਉੱਤਰੇਗਾ।ਮੀਂਹ ਕਾਰਨ ਨਮੀ ਦੀ ਮਾਤਰਾ ਤੇ ਬਦਰੰਗ ਦਾਣਿਆਂ ਦੇ ਨਿਰਧਾਰਤ ਮਾਤਰਾ ਦੇ ਵਧ ਜਾਣ ਕਾਰਨ ਝੋਨੇ ਦੀ ਖਰੀਦ ਪ੍ਰਭਾਵਿਤ ਹੋਣ ਦਾ ਖਤਰਾ ਵਧ ਗਿਆ ਹੈ।ਪੰਜਾਬ ਰਾਈਸ ਮਿਲਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਗੁਰਦੀਪ ਸਿੰਘ ਚੀਮਾ ਨੇ ਪੰਜਾਬ ਭਰ 'ਚ ਹੋਈ ਬੇਮੌਸਮੀ ਤੇਜ਼ ਬਾਰਿਸ਼ ਤੋਂ ਬਾਅਦ ਝੋਨੇ ਦੀ ਫਸਲ ਦੇ ਹੋਏ ਨੁਕਸਾਨ ਨੂੰ ਲੈ ਕੇ ਪੰਜਾਬ ਤੇ ਕੇਂਦਰ ਸਰਕਾਰ ਨੂੰ ਪੰਜਾਬ ਵਿੱਚ ਝੋਨੇ ਨੂੰ ਯੂ. ਆਰ. ਐੱਸ. (ਅੰਡਰ ਰਿਲੈਕਸ਼ੇਸਨ ਸਪੈਸੀਫਿਕੇਸ਼ਨ) ਐਲਾਨਣ ਦਾ ਐਲਾਨ ਕਰ ਖਰੀਦ ਯੂ. ਆਰ. ਐੱਸ. 'ਤੇ ਕਰਨ ਦੀ ਮੰਗ ਕੀਤੀ ਹੈ।

ਉਨ੍ਹਾਂ ਕੇਂਦਰ ਤੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਵੱਲੋਂ ਝੋਨੇ ਨੂੰ ਯੂ. ਆਰ. ਐੱਸ. ਨਾ ਐਲਾਨਿਆ, ਉਦੋਂ ਤੱਕ ਉਹ ਸਰਕਾਰ ਦੇ ਝੋਨੇ ਨੂੰ ਆਪਣੇ ਸ਼ੈਲਰਾਂ ਵਿੱਚ ਭੰਡਾਰ ਨਹੀਂ ਕਰਵਾਉਣਗੇ ਅਤੇ ਹੜਤਾਲ 'ਤੇ ਜਾਣ ਨੂੰ ਮਜਬੂਰ ਹੋਣੇਗੇ, ਜਿਸ ਦੀ ਸਾਰੀ ਜ਼ਿੰਮੇਵਾਰੀ ਕੇਂਦਰ ਤੇ ਪੰਜਾਬ ਸਰਕਾਰਾਂ ਜ਼ਿੰਮੇਵਾਰ ਹੋਣਗੀਆਂ।

ਸੂਬਾ ਪ੍ਰਧਾਨ ਗੁਰਦੀਪ ਸਿੰਘ ਚੀਮਾ ਨੇ ਮੁੱਖ ਮੰਤਰੀ, ਖੁਰਾਕ ਤੇ ਸਿਵਲ ਸਪਲਾਈ ਮੰਤਰੀ, ਵਿਭਾਗ ਦੇ ਸਕੱਤਰ ਰਾਹੁਲ ਤਿਵਾੜੀ ਤੇ ਡਾਇਰੈਕਟਰ ਫੂਡ ਵਰਿੰਦਰ ਸ਼ਰਮਾ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਤੇ ਕੇਂਦਰ ਸਰਕਾਰ ਦੇ ਕੋਲ ਇਹ ਮਸਲਾ ਉਠਾਉਣ ਤਾਂ ਕਿ ਦੇਸ਼ ਦੇ ਪ੍ਰਧਾਨ ਮੰਤਰੀ ਇਸ ਸਬੰਧੀ ਸਬੰਧਤ ਵਿਭਾਗ ਤੇ ਅਧਿਕਾਰੀਆਂ ਨੂੰ ਯੂ. ਆਰ. ਐੱਸ. ਅਧੀਨ ਖਰੀਦ ਕਰਨ ਦੇ ਨਿਰਦੇਸ਼ ਦੇਣ ਅਤੇ ਪੰਜਾਬ 'ਚ ਝੋਨੇ ਦੀ ਖਰੀਦ ਦਾ ਕੰਮ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ ਅਤੇ ਨਾ ਹੀ ਕਿਸਾਨਾਂ ਦਾ ਨੁਕਸਾਨ ਹੋਵੇ ਤੇ ਨਾ ਹੀ ਮਿਲਰਾਂ ਦਾ।

## ਕਾਸੋ ਆਪ੍ਰੇਸ਼ਨ ਤਹਿਤ 8 ਮੁਕੱਦਮੇ ਦਰਜ, 16 ਗ੍ਰਿਫ਼ਤਾਰ

**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਪੁਲਸ ਵੱਲੋਂ ਨਸ਼ਿਆਂ ਦੀ ਰੋਕਥਾਮ ਅਤੇ ਨਸ਼ਾ ਤਸਕਰੀ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਜ਼ਿਲ੍ਹੇ ਦੇ ਵੱਖ-ਵੱਖ ਨਸ਼ਾ ਪ੍ਰਭਾਵਿਤ ਇਲਾਕਿਆਂ ਵਿੱਚ ਕਾਰਵਾਈ ਤੇਜ਼ ਕੀਤੀ ਗਈ ਹੈ।ਆਈ.ਜੀ. ਫ਼ਰੀਦਕੋਟ ਰੇਂਜ ਨਿਲਾਂਬਰੀ ਜਗਦਲੇ ਵਿਜੈ ਦੀ ਅਗਵਾਈ ਹੇਠ, ਐਸ.ਐਸ.ਪੀ. ਮੋਗਾ ਸਰਤਾਜ ਸਿੰਘ ਚਾਹਲ ਤੇ ਡਿਪਟੀ ਕਮਿਸ਼ਨਰ ਮੋਗਾ ਸਾਗਰ ਸੇਤੀਆ, ਵੱਲੋਂ ਜ਼ਿਲ੍ਹੇ ਦੇ ਤਿੰਨ ਨਸ਼ਾ ਪ੍ਰਭਾਵਿਤ ਹੌਟਸਪੌਟਾਂ ਐਮ.ਪੀ. ਬਸਤੀ, ਮੋਗਾ ਪਿੰਡ ਦੌਲੇਵਾਲਾ, ਕੋਟ ਈਸੇ ਖਾਂ ਤੇ ਪਿੰਡ ਨੂਰਪੁਰ ਹਕੀਮਾਂ, ਧਰਮਕੋਟ ਦਾ ਦੌਰਾ ਕੀਤਾ ਗਿਆ ਅਤੇ ਜ਼ਮੀਨੀ ਸਥਿਤੀ ਦਾ ਜਾਇਜ਼ਾ ਲਿਆ ਗਿਆ।ਪਿੰਡ ਨੂਰਪੁਰ ਹਕੀਮਾਂ ਵਿਖੇ ਕੋਰਡਨ ਐਂਡ ਸਰਚ ਆਪ੍ਰੇਸ਼ਨ (ਕਾਸੋ) ਚਲਾਇਆ ਗਿਆ, ਜਿਸ ਦੌਰਾਨ ਸ਼ੱਕੀ ਗਤੀਵਿਧੀਆਂ 'ਤੇ ਨਜ਼ਰ ਰੱਖਦਿਆਂ ਜਾਂਚ ਤੇ ਚੈਕਿੰਗ ਕੀਤੀ ਗਈ।

## ਸਫਾ 1 ਦੇ ਬਾਕੀ...

### ਜਮਹੂਰੀ ਤੇ ਸੈਕੂਲਰ ਵੋਟ ...

ਭਲੀਭਾਂਤ ਜਾਣਦੇ ਹਨ ਅਤੇ ਉਹ ਭਾਜਪਾ ਨੂੰ ਮੂੰਹ ਲਾਉਣ ਨੂੰ ਤਿਆਰ ਨਹੀਂ, ਜਿਸ ਕਰਕੇ ਭਾਜਪਾ ਫਿਰਕੂ ਧਰੁਵੀਕਰਨ, ਸੀ ਬੀ ਆਈ ਅਤੇ ਈ ਡੀ ਦੀ ਦੁਰਵਰਤੋਂ, ਚੋਣ ਕਮਿਸ਼ਨ ਤੋਂ ਮਰਜ਼ੀ ਦੇ ਫੈਸਲੇ ਕਰਾਉਣੇ, ਹਰ ਚੋਣਾਂ ਵਾਲੇ ਸੂਬੇ ਵਿੱਚ ਐੱਸ ਆਈ ਆਰ ਦੇ ਨਾਂਅ ਥੱਲੇ ਵਿਰੋਧੀ ਵੋਟਾਂ ਕੱਟਣੀਆਂ ਅਤੇ ਪਾਰਟੀਆਂ ਤੋਂ ਦਲ-ਬਦਲੀ ਕਰਵਾਉਣ ਵਰਗੇ ਹਰਬੇ ਵਰਤਣ ਨੂੰ ਹਥਿਆਰ ਬਣਾ ਕੇ ਪੰਜਾਬ ਵਿੱਚ ਪੈਰ ਲਾਉਣੇ ਚਾਹੁੰਦੀ ਹੈ। ਦੂਸਰੇ ਪਾਸੇ ਪੰਜਾਬ ਦੀ ਕਾਂਗਰਸ ਦੇ ਅੰਦਰਲੇ ਧੜਿਆਂ ਦਾ ਕਿੰਨੇ ਹੀ ਚਿਰ ਤੋਂ ਫੁੱਟ ਦਾ ਕਾਟੋ-ਕਲੇਸ਼ ਅਤੇ ਪ੍ਰਧਾਨ ਨੂੰ ਲਾਹੁਣ ਦਾ ਯੁੱਧ ਚਲਦਾ ਆ ਰਿਹਾ ਸੀ। ਪ੍ਰਧਾਨ ਅਤੇ ਪੰਜਾਬ ਦਾ ਕੇਂਦਰੀ ਕਾਂਗਰਸ ਇੰਚਾਰਜ ਬਦਲ ਦਿੱਤਾ ਗਿਆ।ਕੇਂਦਰੀ ਕਾਂਗਰਸ ਵੱਲੋਂ ਇੰਚਾਰਜ ਸਚਿਨ ਪਾਇਲਟ ਨੂੰ ਲਾਏ ਜਾਣ 'ਤੇ ਭਾਵੇਂ ਕਾਂਗਰਸ ਦਾ ਕਾਡਰ ਕੁਝ ਉਤਸ਼ਾਹਤ ਨਜ਼ਰ ਆ ਰਿਹਾ ਹੈ, ਪਰ ਅੰਦਰਖਾਤੇ ਅਤੇ ਕੁਝ ਦੱਬੀ ਜ਼ਬਾਨ ਤੋਂ ਅਜੇ ਵੀ ਕਨਸੋਆਂ ਇਹੋ ਮਿਲਦੀਆਂ ਹਨ ਕਿ ਕਾਂਗਰਸ ਅਜੇ ਵੀ ਇੱਕਜੁੱਟ ਨਹੀਂ, ਦੂਸਰਾ ਇਹ ਕਿ ਉਹਨਾਂ ਨੂੰ ਭਾਜਪਾ ਦੀ ਮੋਦੀ ਸਰਕਾਰ ਨੂੰ ਕੇਂਦਰ ਦੀ ਸੱਤਾ ਤੋਂ ਲਾਂਭੇ ਕਰਨ ਸਮੇਤ ਅਨੇਕਾਂ ਦੂਸਰੀਆਂ ਪਾਰਟੀਆਂ ਵੱਲੋਂ ਦਿੱਤੇ ਜਾ ਰਹੇ ਰਾਜਨੀਤਕ ਸੱਦਿਆਂ ਦੀ ਕੋਈ ਵੀ ਕੋਈ ਅਹਿਮੀਅਤ ਨਹੀਂ ਜਾਪਦੀ, ਪਰ ਇਹ ਜ਼ਰੂਰ ਹੈ ਕਿ ਪੰਜਾਬ ਕਾਂਗਰਸ ਨੂੰ ਪਰਗਟ ਸਿੰਘ ਦੇ ਰੂਪ ਵਿੱਚ ਨਵਾਂ ਪ੍ਰਧਾਨ ਜੋ ਮਿਲਿਆ ਹੈ, ਉਸ ਦੀ ਸਾਫ ਛਵੀ ਅਤੇ ਸਿਆਣਪ ਤੋਂ ਜਾਪਦਾ ਹੈ ਕਿ ਉਹ ਕਾਂਗਰਸ ਦੀ ਵਰਤਮਾਨ ਸਥਿਤੀ ਵੀ ਠੀਕ ਕਰਨ ਦੇ ਸੰਜੀਦਾ ਯਤਨ ਕਰਨਗੇ ਅਤੇ ਪੰਜਾਬ ਵਿੱਚ ਫਿਰਕੂ ਭਾਜਪਾ ਨਾਲ ਅਕਾਲੀ ਦਲ ਦਾ ਗੱਠਜੋੜ ਅਤੇ ਆਪ ਸਰਕਾਰ ਵਿਰੁੱਧ ਲੋਕਾਂ ਵਿੱਚ ਪਾਇਆ ਜਾ ਰਿਹਾ ਵਿਆਪਕ ਰੋਸ ਅਤੇ ਗੁੱਸਾ ਸਾਹਮਣੇ ਰੱਖਦੇ ਹੋਏ ਇਹਨਾਂ ਦੋਵਾਂ ਨੂੰ ਸੱਤਾ ਵਿੱਚ ਨਾ ਆਉਣ ਤੋਂ ਰੋਕਣ ਲਈ ਕੋਈ ਸਮਝਦਾਰੀ ਵਾਲਾ ਪੈਂਤੜਾ ਲੈਣਗੇ। ਵਿਰੋਧੀ ਵੋਟਾਂ ਦੀ ਵੰਡ ਹੋਣ ਤੋਂ ਬਚਦੇ ਹੋਏ ਚੋਣ ਮੈਦਾਨ ਵਿੱਚ ਉਤਰਿਆ ਜਾਵੇ। ਕਮਿਊਨਿਸਟ ਪਾਰਟੀ ਨੇ ਆਪਣੇ ਕਾਡਰ ਨੂੰ ਚੋਣਾਂ ਸੰਬੰਧੀ ਤਿਆਰੀਆਂ ਵਿੱਚ ਜੁੱਟ ਜਾਣ ਦਾ ਸੱਦਾ ਦਿੱਤਾ ਅਤੇ ਪ੍ਰੋਗਰਾਮ ਉਲੀਕਿਆ ਕਿ ਕੇਂਦਰ ਸਰਕਾਰ ਵਿਰੁੱਧ ਉਸ ਦੀਆਂ ਤਾਨਾਸ਼ਾਹੀ, ਫਿਰਕੂ, ਲੋਕਤੰਤਰ ਵਿਰੋਧੀ, ਸੰਵਿਧਾਨ ਵਿਰੋਧੀ, ਦੇਸ਼ ਵਿਰੋਧੀ, ਲੋਕ ਵਿਰੋਧੀ ਅਤੇ ਕਾਰਪੋਰੇਟ ਪੱਖੀ ਨੀਤੀਆਂ ਦੇ ਵਿਰੋਧ ਵਿੱਚ ਲਗਾਤਾਰ ਸੰਘਰਸ਼ ਕੀਤਾ ਜਾਵੇਗਾ।

ਪਹਿਲੀ ਦਸੰਬਰ ਤੋਂ ਤਿੰਨ ਦਸੰਬਰ ਤੱਕ ਤਿੰਨ ਦਿਨ ਸਾਰੇ ਦੇਸ਼ ਵਿੱਚ ਜੇਲ੍ਹ ਭਰੋ ਅੰਦੋਲਨ ਦਾ ਸੱਦਾ ਦਿੱਤਾ ਗਿਆ ਹੈ, ਜਿਸ ਦੇ ਤਹਿਤ ਦੇਸ਼ ਪੱਧਰ 'ਤੇ ਪੰਜ ਲੱਖ ਤੋਂ ਵੱਧ ਕਮਿਊਨਿਸਟ ਕਾਰਕੁਨ ਗ੍ਰਿਫਤਾਰੀਆਂ ਦੇਣਗੇ। ਇਸ ਤੋਂ ਪਹਿਲਾਂ ਦਿੱਲੀ ਵਿਖੇ ਪਹਿਲੀ ਸਤੰਬਰ ਨੂੰ ਰਾਮਲੀਲ੍ਹਾ ਮੈਦਾਨ ਵਿੱਚ 80 ਹਜ਼ਾਰ ਤੋਂ ਵੱਧ ਦੇ ਇਕੱਠ ਦੀ ਵਿਸ਼ਾਲ ਰੈਲੀ ਕੀਤੀ ਜਾ ਚੁੱਕੀ ਹੈ।ਪੰਜਾਬ ਦੀ ਸੂਬਾ ਕੌਂਸਲ ਨੇ ਜਿਥੇ ਜੇਲ੍ਹ ਭਰੋ ਅੰਦੋਲਨ ਦੀਆਂ ਤਿਆਰੀਆਂ ਦਾ ਸੱਦਾ ਦਿੱਤਾ ਹੈ, ਉਥੇ ਇਸ ਦੇ ਨਾਲ ਹੀ ਪੰਜਾਬ ਦੇ ਮੁੱਦਿਆਂ ਨੂੰ ਲੈ ਕੇ ਪਹਿਲਾਂ ਕੀਤੀਆਂ ਕਨਵੈਨਸ਼ਨਾਂ ਦੀ ਤਰ੍ਹਾਂ ਹੀ ਲਗਾਤਾਰ ਸਰਗਰਮੀ ਕੀਤੀ ਜਾਂਦੀ ਰਹੇਗੀ ਅਤੇ ਨਾਲ ਹੀ ਪੰਜਾਬ ਦੀ ਮਾਨ ਸਰਕਾਰ ਦੇ ਲੋਕ ਵਿਰੋਧੀ ਸ਼ਾਸਨ ਵਿਰੁੱਧ ਜ਼ੋਰਦਾਰ ਆਵਾਜ਼ ਚੁੱਕੀ ਜਾਵੇਗੀ।ਪੰਜਾਬ ਵਿੱਚ ਕਮਿਊਨਿਸਟ ਪਾਰਟੀ ਦੀ ਸਪੱਸ਼ਟ ਨੀਤੀ ਹੈ ਕਿ ਭਾਜਪਾ ਅਤੇ ਇਸ ਨਾਲ ਕਿਸੇ ਵੀ ਗੱਠਜੋੜ ਕਰਨ ਵਾਲੀ ਪਾਰਟੀ ਨੂੰ ਪੰਜਾਬ ਵਿੱਚ ਸੱਤਾ 'ਚ ਆਉਣ ਤੋਂ ਰੋਕਿਆ ਜਾਵੇ। 'ਆਪ' ਦੀ ਭਾਵੇਂ ਦੁਬਾਰਾ ਸਰਕਾਰ ਬਣਨ ਦੀ ਕੋਈ ਸੰਭਾਵਨਾ ਨਹੀਂ, ਫਿਰ ਵੀ ਪਾਰਟੀ ਵੱਲੋਂ ਇਸ ਦੇ ਸਮੁੱਚੇ ਕਾਰਜਕਾਲ ਦਾ ਪੰਜਾਬ ਅਤੇ ਪੰਜਾਬ ਦੇ ਹਰ ਤਬਕੇ ਦੇ ਵਿਰੋਧ ਵਿੱਚ ਰਹੀ ਕਾਰਜ-ਸ਼ੈਲੀ ਦਾ ਕੱਚਾ ਚਿੱਠਾ ਜਨਤਾ ਦੀ ਕਚਹਿਰੀ ਵਿੱਚ ਲਗਾਤਾਰ ਖੋਲ੍ਹੇਗੀ। ਸੀ ਪੀ ਆਈ ਪੰਜਾਬ ਵਿੱਚ ਸੀ ਪੀ ਐੱਮ ਤੋਂ ਇਲਾਵਾ ਚੋਣਾਂ ਲੜਨ ਵਾਲੀਆਂ ਖੱਬੀਆਂ ਪਾਰਟੀਆਂ ਨਾਲ ਚੋਣਾਵੀ ਤਾਲਮੇਲ ਬਣਾਏਗੀ। ਇਸ ਤੋਂ ਬਿਨਾਂ ਧਰਮ ਨਿਰਪੱਖ ਅਤੇ ਸੈਕੂਲਰ ਪਾਰਟੀਆਂ, ਜਿਹੜੀਆਂ ਭਾਜਪਾ ਅਤੇ ਇਸ ਦੇ ਗੱਠਜੋੜ ਦੀਆਂ ਪਾਰਟੀਆਂ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਸੰਜੀਦਾ ਯਤਨ ਕਰਨਗੀਆਂ ਕਿ ਜਮਹੂਰੀ ਅਤੇ ਸੈਕੂਲਰ ਧਿਰਾਂ ਦੀਆਂ ਵੋਟਾਂ ਨਾ ਵੰਡੀਆਂ ਜਾਣ ਤਾਂ ਅਜਿਹੀਆਂ ਪਾਰਟੀਆਂ ਨਾਲ ਵੀ ਗੱਠਜੋੜ ਦੇ ਤਾਲਮੇਲ ਦੀ ਸੰਭਾਵਨਾ ਤਲਾਸ਼ੀ ਜਾਏਗੀ। ਸੂਬਾ ਕੌਂਸਲ ਵੱਲੋਂ ਇੱਕ ਵਿਸ਼ੇਸ਼ ਮਤਾ ਪਾਸ ਕੀਤਾ ਗਿਆ, ਜਿਸ ਰਾਹੀਂ ਪੰਜਾਬ ਸਰਕਾਰ ਵੱਲੋਂ ਜਿਹੜੇ ਮੁਲਾਜ਼ਮ ਸੰਗਠਨ ਡੀ ਏ, ਪੇ ਕਮਿਸ਼ਨ ਦੇ ਬਕਾਏ, ਓ ਪੀ ਐੱਸ, ਕੰਟਰੈਕਟ ਸਿਸਟਮ ਆਦਿ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ, ਉਹਨਾਂ ਪ੍ਰਤੀ ਸਰਕਾਰ ਵੱਲੋਂ ਦੁਸ਼ਮਣਾਂ ਵਰਗਾ ਰਵੱਈਆ ਧਾਰਨ ਕਰਕੇ ਜਿੱਥੇ ਜਬਰ ਕੀਤਾ ਜਾ ਰਿਹਾ ਹੈ, ਉੱਥੇ ਮਹਿੰਗੇ ਵਕੀਲ ਕਰਕੇ ਅਦਾਲਤਾਂ ਵਿੱਚ ਖੱਜਲ-ਖੁਆਰ ਕਰਵਾ ਰਹੀ ਹੈ। ਸਰਕਾਰ ਦੇ ਅਜਿਹੇ ਵਿਹਾਰ ਦੀ ਜ਼ੋਰਦਾਰ ਨਿੰਦਾ ਕੀਤੀ ਗਈ ਅਤੇ ਮੁਲਾਜ਼ਮਾਂ ਨਾਲ ਗੱਲਬਾਤ ਦਾ ਰਸਤਾ ਖੋਲ੍ਹ ਕੇ ਉਹਨਾਂ ਦੀਆਂ ਮੰਗਾਂ ਮੰਨਣ ਲਈ ਸਰਕਾਰ ਤੋਂ ਮੰਗ ਕੀਤੀ ਗਈ।

ਜੰਤਰ ਮੰਤਰ 'ਤੇ ਜੋ ਨੌਜਵਾਨਾਂ ਤੇ ਹੋਰਨਾਂ ਵੱਲੋਂ ਮੁੱਖ ਚੋਣ ਕਮਿਸ਼ਨਰ ਦੇ ਅਸਤੀਫ਼ੇ ਲਈ ਸੰਘਰਸ਼ ਚੱਲ ਰਿਹਾ ਹੈ, ਉਸ ਨੂੰ ਜਬਰ ਰਾਹੀਂ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਰਤੀ ਕਮਿਊਨਿਸਟ ਪਾਰਟੀ ਦੇ ਦਫ਼ਤਰ ਵਿੱਚ ਵੀ ਛਾਪੇਮਾਰੀ ਕੀਤੀ ਜਾ ਰਹੀ ਹੈ। 25 ਹਜ਼ਾਰ ਸੁਰੱਖਿਆ ਦਲ ਤਾਇਨਾਤ ਕਰਨੇ ਸਰਕਾਰ ਦੀ ਬੁਖਲਾਹਟ ਸਾਬਤ ਕਰਦਾ ਹੈ। ਪਿਛਲੇ ਦਿਨੀਂ ਪੰਜਾਬ ਵਿੱਚ ਭਾਰੀ ਬਾਰਸ਼ ਨਾਲ ਝੋਨੇ ਦੀ ਫ਼ਸਲ ਦਾ ਨੁਕਸਾਨ ਹੋਇਆ ਹੈ। ਸੀ ਪੀ ਦੀ ਮੰਗ ਕਰਦੀ ਹੈ ਕਿ ਗਿਰਦਾਵਰੀ ਕਰਵਾ ਕੇ ਤੁਰੰਤ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ।

### ਹਰਸਿਮਰਤ ਬਾਦਲ...

ਦਾਖਲ ਹੋਣਾ ਅਤੇ ਧਰਨੇ ਦੌਰਾਨ ਮਹਿਲਾਵਾਂ ਨਾਲ ਧੱਕੇਸ਼ਾਹੀ ਕਰਨਾ ਸਵੀਕਾਰਨਯੋਗ ਨਹੀਂ ਹੈ। ਉਨ੍ਹਾ ਦਿੱਲੀ ਪੁਲਸ ਨੂੰ ਇਸ ਕਾਰਵਾਈ ਲਈ ਜਵਾਬਦੇਹ ਠਹਿਰਾਉਣ ਦੀ ਮੰਗ ਕੀਤੀ। ਸੁਪਰੀਮ ਕੋਰਟ ਦੇ ਵਕੀਲ ਅਤੇ ਭਾਜਪਾ ਆਗੂ ਐੱਚ ਐੱਸ ਫੂਲਕਾ ਨੇ ਐੱਕਸ 'ਤੇ ਪੋਸਟ ਪਾ ਕੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਗਲਤ ਅਤੇ ਝੂਠਾ ਬਿਰਤਾਂਤ ਫੈਲਾਉਣ ਵਿੱਚ ਕਿਉਂ ਸ਼ਾਮਲ ਹੋ ਗਿਆ ਹੈ। ਹਾਲਾਂਕਿ ਹਰਸਿਮਰਤ ਨੇ ਕੁਝ ਸਮੇਂ ਬਾਅਦ ਆਪਣੀ ਪੋਸਟ ਹਟਾ ਦਿੱਤੀ ਪਰ ਵਿਰੋਧੀ ਧਿਰ ਦੇ ਕਈ ਆਗੂਆਂ ਨੇ ਇਸ ਦਾ ਸਕਰੀਨਸ਼ਾਟ ਸੰਭਾਲ ਕੇ ਸਾਂਝਾ ਕਰਨਾ ਸ਼ੁਰੂ ਕਰ ਦਿੱਤਾ। ਇਹ ਘਟਨਾ ਅਜਿਹੇ ਸਮੇਂ ਵਾਪਰੀ ਹੈ ਜਦੋਂ ਚਰਚਾਵਾਂ ਚੱਲ ਰਹੀਆਂ ਹਨ ਕਿ ਭਾਜਪਾ ਅਤੇ ਅਕਾਲੀ ਦਲ ਬਾਦਲ ਵਿਚਾਲੇ ਅਕਤੂਬਰ ਦੇ ਅਖੀਰ ਤੱਕ ਰਸਮੀ ਗੱਠਜੋੜ ਹੋ ਸਕਦਾ ਹੈ। ਇਸ ਤੋਂ ਪਹਿਲਾਂ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਇੱਕ ਟੈਲੀਵਿਜ਼ਨ ਇੰਟਰਵਿਊ ਵਿੱਚ ਕਿਹਾ ਸੀ ਕਿ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ, ਕਿਉਂਕਿ ਉਨ੍ਹਾ ਵਿਰੁੱਧ ਰੋਸ ਵਧ ਰਿਹਾ ਹੈ।

### ਪੰਜਾਬ 'ਚ 13...

ਤਾਂ 20,66,608 ਵੋਟਰਾਂ ਦੇ ਨਾਂਅ ਕੱਟ ਦਿੱਤੇ ਗਏ ਸਨ ਅਤੇ ਉਸ ਵੇਲੇ ਪੰਜਾਬ ਵਿੱਚ ਕੁੱਲ ਵੋਟਰ 1,93,94,435 ਦਰਜ ਕੀਤੇ ਗਏ ਸਨ। ਪੰਜਾਬ ਦੀ ਮੁੱਖ ਚੋਣ ਅਧਿਕਾਰੀ (ਸੀ ਈ ਓ) ਅਨਿੰਦਿਤਾ ਮਿੱਤਰਾ ਨੇ ਦੱਸਿਆ ਕਿ ਵੋਟਰ ਸੂਚੀ ਵਿੱਚ ਆਈ 6.3 ਫੀਸਦੀ ਕਟੌਤੀ ਦੇ ਮੁੱਖ ਕਾਰਨ ਕੁਝ ਵੋਟਰਾਂ ਦੀ ਮੌਤ ਹੋਣਾ, ਸੂਬੇ ਤੋਂ ਪੱਕੇ ਤੌਰ 'ਤੇ ਬਾਹਰ ਚਲੇ ਜਾਣਾ, 2003 ਦੇ ਪਿਛਲੇ ਸਰਵੇਖਣ ਦੌਰਾਨ ਦਿੱਤੇ ਪਤੇ 'ਤੇ ਗੈਰ-ਹਾਜ਼ਰ ਮਿਲਣਾ ਜਾਂ ਇੱਕ ਤੋਂ ਵੱਧ ਥਾਵਾਂ 'ਤੇ ਦਰਜ (ਡੁਪਲੀਕੇਟ) ਵੋਟਾਂ ਦਾ ਹੋਣਾ ਸੀ।

ਉਨ੍ਹਾ ਕਿਹਾ, "ਅਸੀਂ ਵੋਟਰ ਸੂਚੀਆਂ ਦੀ ਸੁਚੱਜੀ ਸੁਧਾਈ ਨੂੰ ਯਕੀਨੀ ਬਣਾਉਣ ਲਈ ਇੱਕ ਵਿਆਪਕ ਮੁਹਿੰਮ ਚਲਾਈ ਸੀ। ਇਸ ਦੌਰਾਨ 7,97,263 ਨਵੇਂ ਵੋਟਰ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ ਵਿੱਚ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨ ਅਤੇ ਮਹਿਲਾ ਵੋਟਰ ਸ਼ਾਮਲ ਹਨ।"

ਅੰਤਮ ਵੋਟਰ ਸੂਚੀ ਭਾਰਤੀ ਚੋਣ ਕਮਿਸ਼ਨ ਦੀ ਵੈੱਬਸਾਈਟ 'ਤੇ ਅੱਪਡੇਟ ਕਰ ਦਿੱਤੀ ਗਈ ਹੈ ਅਤੇ ਮੁੱਖ ਚੋਣ ਅਧਿਕਾਰੀ ਵੱਲੋਂ ਸੂਬੇ ਦੀਆਂ ਸਾਰੀਆਂ ਸੱਤ ਰਜਿਸਟਰਡ ਤੇ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਵੀ ਸਾਂਝੀ ਕੀਤੀ ਗਈ ਹੈ।

ਮੁੱਖ ਚੋਣ ਅਧਿਕਾਰੀ ਨੇ ਦੱਸਿਆ, "ਅਸੀਂ 34 ਲੱਖ ਵੋਟਰਾਂ ਨੂੰ ਨੋਟਿਸ ਜਾਰੀ ਕੀਤੇ, ਉਨ੍ਹਾਂ ਦਾ ਪੱਖ ਸੁਣਿਆ ਅਤੇ ਗਲਤੀਆਂ ਨੂੰ ਠੀਕ ਕੀਤਾ। ਇਸ ਕੰਮ ਵਿੱਚ ਪੂਰੀ ਪਾਰਦਰਸ਼ਤਾ ਵਰਤੀ ਗਈ ਹੈ। ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਨਿਯੁਕਤ ਬਲਾਕ ਪੱਧਰੀ ਸਹਾਇਕਾਂ (ਬੀ ਐੱਲ ਏ) ਦੀ ਮਦਦ ਲਈ ਗਈ ਸੀ ਅਤੇ ਉਨ੍ਹਾਂ ਨੇ ਯੋਗ ਵੋਟਰਾਂ ਦੀ ਪੜਤਾਲ ਵਿੱਚ ਸਾਡਾ ਸਹਿਯੋਗ ਕੀਤਾ। ਜਿਨ੍ਹਾਂ ਲੋਕਾਂ ਦੀ ਮੌਤ ਹੋ ਚੁੱਕੀ ਹੈ, ਉਨ੍ਹਾਂ ਦੇ ਮੌਤ ਸਰਟੀਫਿਕੇਟ ਲਏ ਗਏ ਹਨ ਅਤੇ ਦੋਹਰੀਆਂ ਵੋਟਾਂ ਵਾਲਿਆਂ ਦੀ ਵੱਖਰੀ ਸੂਚੀ ਬਣਾਈ ਗਈ ਹੈ ਤਾਂ ਜੋ ਪੂਰੀ ਪਾਰਦਰਸ਼ਤਾ ਬਣੀ ਰਹੇ।"

ਸੀ ਈ ਓ ਪੰਜਾਬ ਵੱਲੋਂ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਸਾਰੇ 117 ਵਿਧਾਨ ਸਭਾ ਹਲਕਿਆਂ ਦੀਆਂ ਅੰਤਮ ਵੋਟਰ ਸੂਚੀਆਂ ਦੀਆਂ ਹਾਰਡ ਕਾਪੀਆਂ ਅਤੇ ਸਾਫਟ ਕਾਪੀਆਂ ਸੌਂਪੀਆਂ ਗਈਆਂ। ਉਨ੍ਹਾਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਦੇ ਵਡਮੁੱਲੇ ਸਹਿਯੋਗ, ਖ਼ਾਸ ਕਰਕੇ ਸੂਬੇ ਭਰ ਵਿੱਚ ਤਾਇਨਾਤ 89,395 ਬੂਥ ਲੈਵਲ ਏਜੰਟਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਦੀ ਸਰਗਰਮ ਭਾਗੀਦਾਰੀ ਸਦਕਾ ਇਹ ਕਾਰਜ ਨੇਪਰੇ ਚੜ੍ਹ ਸਕਿਆ।ਮੁੱਖ ਚੋਣ ਅਫ਼ਸਰ ਨੇ ਅਪੀਲ ਕੀਤੀ ਕਿ ਜਿਹੜੇ ਯੋਗ ਵਿਅਕਤੀ ਕਿਸੇ ਵੀ ਕਾਰਨ ਕਰਕੇ ਅੰਤਮ ਵੋਟਰ ਸੂਚੀ ਦੇ ਪ੍ਰਕਾਸ਼ਨ ਤੋਂ ਬਾਅਦ ਵੀ ਸ਼ਾਮਲ ਹੋਣ ਤੋਂ ਰਹਿ ਗਏ ਹਨ ਜਾਂ ਨਵੇਂ ਵੋਟਰ ਵਜੋਂ ਨਾਂਅ ਦਰਜ ਕਰਵਾਉਣਾ ਚਾਹੁੰਦੇ ਹਨ, ਉਹ ਈ ਸੀ ਆਈ ਨੈੱਟ ਐਪ ਰਾਹੀਂ ਆਨਲਾਈਨ ਜਾਂ ਆਪਣੇ ਸੰਬੰਧਤ ਬੀ ਐੱਲ ਓ ਰਾਹੀਂ ਫਾਰਮ ਨੰਬਰ 6 ਭਰ ਕੇ ਆਫ਼ਲਾਈਨ ਅਪਲਾਈ ਕਰ ਸਕਦੇ ਹਨ।

### 'ਮਾਊਂਟ ਐਵਰੈਸਟ 'ਤੇ ਹੀ...

ਦਾ ਜੰਤਰ-ਮੰਤਰ ਖੋਹਿਆ ਜਾ ਰਿਹਾ ਹੈ, ਜਲਦੀ ਹੀ ਪ੍ਰਧਾਨ ਮੰਤਰੀ ਦੇਸ਼ ਵਿੱਚੋਂ ਲੋਕਤੰਤਰ ਨੂੰ ਹੀ ਡੀ-ਨੋਟੀਫਾਈ ਕਰ ਦੇਣਗੇ।" ਕਾਂਗਰਸ ਆਗੂ ਜੈਰਾਮ ਰਮੇਸ਼ ਨੇ ਕਿਹਾ, "ਇਤਿਹਾਸਕ ਜੰਤਰ-ਮੰਤਰ ਨੂੰ ਪ੍ਰਦਰਸ਼ਨ ਸਥਾਨਾਂ ਦੀ ਸੂਚੀ ਵਿੱਚੋਂ ਹਟਾਉਣਾ ਇਸ ਗੱਲ ਦਾ ਸਪੱਸ਼ਟ ਸਬੂਤ ਹੈ ਕਿ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਦੀ ਜੋੜੀ ਪੂਰੀ ਤਰ੍ਹਾਂ ਘਬਰਾਹਟ ਵਿੱਚ ਹੈ। ਹੁਣ ਇਹ ਉਹ ਥਾਂ ਨਹੀਂ ਰਹੇਗੀ, ਜਿੱਥੋਂ ਸਾਡੇ ਲੋਕਤੰਤਰ ਨੂੰ ਰੋਜ਼ਾਨਾ ਨਵੀਂ ਊਰਜਾ ਮਿਲਦੀ ਸੀ। ਇਹ ਜੋੜੀ ਚਾਰੇ ਪਾਸਿਓਂ ਘਿਰ ਚੁੱਕੀ ਹੈ ਅਤੇ ਅਸੀਂ ਪਿਛਲੇ ਕੁਝ ਦਿਨਾਂ ਵਿੱਚ ਦੇਖਿਆ ਹੈ ਕਿ ਉਨ੍ਹਾਂ ਨੇ ਸ਼ਾਂਤਮਈ ਜਨਤਕ ਪ੍ਰਦਰਸ਼ਨਾਂ ਨੂੰ ਕਿੰਨੀ ਬੇਰਹਿਮੀ ਨਾਲ ਦਬਾਇਆ ਹੈ। ਉਨ੍ਹਾਂ ਲਈ ਲੋਕਤੰਤਰ (ਡੈਮੋਕਰੇਸੀ) ਦਾ ਕੋਈ ਮੁੱਲ ਨਹੀਂ ਰਿਹਾ, ਇਹ ਸਾਰਾ ਮਾਮਲਾ ਸਿਰਫ 'ਡੈਮੋਕੁਰਸੀ' (ਸੱਤਾ ਤੇ ਕੁਰਸੀ ਬਚਾਉਣ) ਦਾ ਹੈ।"

### ਲੋਕਤੰਤਰ ਛੂਮੰਤਰ...

ਤੋਂ ਜੰਤਰ-ਮੰਤਰ ਦਿੱਲੀ ਦਾ ਮੁੱਖ ਪ੍ਰਦਰਸ਼ਨ ਸਥਾਨ ਬਣ ਗਿਆ ਸੀ।

ਇਸ ਤੋਂ ਪਹਿਲਾਂ ਅਕਤੂਬਰ 2017 ਵਿੱਚ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐੱਨ ਜੀ ਟੀ) ਨੇ ਇੱਥੇ ਧਰਨਿਆਂ 'ਤੇ ਪਾਬੰਦੀ ਲਗਾ ਕੇ ਪ੍ਰਦਰਸ਼ਨ ਰਾਮ ਲੀਲ੍ਹਾ ਮੈਦਾਨ ਤਬਦੀਲ ਕਰਨ ਦੇ ਹੁਕਮ ਦਿੱਤੇ ਸਨ। ਹਾਲਾਂਕਿ, ਜੁਲਾਈ 2018 ਵਿੱਚ ਸੁਪਰੀਮ ਕੋਰਟ ਨੇ ਇਸ ਪੂਰਨ ਪਾਬੰਦੀ ਨੂੰ ਹਟਾਉਂਦਿਆਂ ਕੁਝ ਨਿਯਮਾਂ ਤਹਿਤ ਸ਼ਾਂਤੀਪੂਰਨ ਪ੍ਰਦਰਸ਼ਨਾਂ ਦੀ ਖੁੱਲ੍ਹ ਦੇ ਦਿੱਤੀ ਸੀ। ਸਿਆਸੀ ਲਾਮਬੰਦੀ ਲਈ ਇਤਿਹਾਸਕ ਮਹੱਤਵ ਰੱਖਣ ਵਾਲੇ ਰਾਮ ਲੀਲ੍ਹਾ ਮੈਦਾਨ ਵਿੱਚ 1975 ਦੌਰਾਨ ਇੰਦਰਾ ਗਾਂਧੀ ਸਰਕਾਰ ਖਿਲਾਫ ਜੈ ਪ੍ਰਕਾਸ਼ ਨਾਰਾਇਣ ਦੇ ਅੰਦੋਲਨ ਤੋਂ ਲੈ ਕੇ 2011 ਦੇ ਅੰਨਾ ਹਜ਼ਾਰੇ ਦੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਤੱਕ ਦੇ ਇਤਿਹਾਸਕ ਇਕੱਠ ਹੋ ਚੁੱਕੇ ਹਨ।

### ਗਿਆਨੇਸ਼ ਖਿਲਾਫ ਪਟੀਸ਼ਨ...

ਕਮਿਸ਼ਨਰ ਗਿਆਨੇਸ਼ ਕੁਮਾਰ ਵੱਲੋਂ ਕੀਤੀ ਗਈ ਵੋਟ ਚੋਰੀ ਖਿਲਾਫ ਜਨਤਕ ਅੰਦੋਲਨ ਮਜ਼ਬੂਤ ਹੋ ਰਿਹਾ ਹੈ, ਜਿਸ ਤੋਂ ਘਬਰਾ ਕੇ ਸਰਕਾਰ ਨੇ ਰਾਜਧਾਨੀ ਨੂੰ ਇੱਕ ਜੇਲ੍ਹ ਅਤੇ ਕਿਲ੍ਹੇ ਵਿੱਚ ਤਬਦੀਲ ਕਰ ਦਿੱਤਾ ਹੈ। ਰਾਹੁਲ ਨੇ ਸਵਾਲ ਉਠਾਇਆ ਕਿ 20,000 ਤੋਂ 30,000 ਪੁਲਸ ਜਵਾਨਾਂ ਦੀ ਤਾਇਨਾਤੀ ਕਰਕੇ ਬੱਸਾਂ ਤੇ ਰੇਲਗੱਡੀਆਂ ਨੂੰ ਕਿਉਂ ਰੋਕਿਆ ਜਾ ਰਿਹਾ ਹੈ। ਵਿਰੋਧੀ ਧਿਰ ਚਾਹੁੰਦੀ ਹੈ ਕਿ ਦੇਸ਼ ਦੇ ਲੋਕ ਖੁਦ ਦੇਖਣ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਗਿਆਨੇਸ਼ ਕੁਮਾਰ ਨੂੰ ਬਚਾਉਣ ਲਈ ਕਿਸ ਹੱਦ ਤੱਕ ਜਾ ਰਹੀ ਹੈ। ਪੁਲਸ ਮੁਲਾਜ਼ਮ ਵੀ ਅੰਦਰੋਂ ਇਸ ਸਥਿਤੀ ਤੋਂ ਪਰੇਸ਼ਾਨ ਹਨ ਅਤੇ ਸਵਾਲ ਚੁੱਕ ਰਹੇ ਹਨ ਕਿ ਉਨ੍ਹਾਂ ਨੂੰ ਨੌਜਵਾਨ ਪ੍ਰਦਰਸ਼ਨਕਾਰੀਆਂ 'ਤੇ ਲਾਠੀਚਾਰਜ ਕਰਨ ਲਈ ਕਿਉਂ ਮਜਬੂਰ ਕੀਤਾ ਜਾ ਰਿਹਾ ਹੈ। ਇਸੇ ਦੌਰਾਨ ਸੁਪਰੀਮ ਕੋਰਟ ਨੇ ਸੋਮਵਾਰ ਸਪੱਸ਼ਟ ਕੀਤਾ ਕਿ ਉਸ ਨੇ ਕਦੇ ਵੀ ਭਾਰਤੀ ਚੋਣ ਕਮਿਸ਼ਨ ਦੇ ਨਵੇਂ ਫਾਰਮ 6 ਦੀ ਵੈਧਤਾ ਦਾ ਫੈਸਲਾ ਨਹੀਂ ਕੀਤਾ, ਜੋ ਕਿ ਨਾਗਰਿਕਾਂ ਦੁਆਰਾ ਵੋਟਰਾਂ ਵਜੋਂ ਰਜਿਸਟਰ ਕਰਨ ਲਈ ਵਰਤੀ ਜਾਂਦੀ ਕਾਨੂੰਨੀ ਅਰਜ਼ੀ ਹੈ। ਸੋਧਿਆ ਹੋਇਆ ਸੰਸਕਰਣ ਉਦੋਂ ਮੌਜੂਦ ਨਹੀਂ ਸੀ, ਜਦੋਂ ਅਦਾਲਤ ਨੇ ਇਸ ਸਾਲ ਦੇ ਸ਼ੁਰੂ ਵਿੱਚ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਤੀਬਰ ਸੋਧ (ਐੱਸ ਆਈ ਆਰ) ਦੀ ਜਾਂਚ ਕੀਤੀ ਸੀ। ਇਹ ਸਪੱਸ਼ਟੀਕਰਨ ਚੋਣ ਕਮਿਸ਼ਨ ਦੇ ਇਸ ਦਾਅਵੇ 'ਤੇ ਵਿਵਾਦ ਦੇ ਵਿਚਕਾਰ ਮਹੱਤਵਪੂਰਨ ਹੈ ਕਿ ਸੁਪਰੀਮ ਕੋਰਟ ਨੇ ਐੱਸ ਆਈ ਆਰ ਅਭਿਆਸ ਲਈ ਫਾਰਮ 6 ਨਾਲ ਜੁੜੇ ਇੱਕ ਐਲਾਨ ਨੂੰ ਬਰਕਰਾਰ ਰੱਖਿਆ ਹੈ। ਅਦਾਲਤ ਨੇ ਕਿਹਾ ਕਿ ਉਸ ਦੇ ਪਹਿਲਾਂ ਦੇ ਨਿਰੀਖਣਾਂ ਨੂੰ ਕਿਸੇ ਵੀ ਸੋਧੇ ਹੋਏ ਫਾਰਮ ਦੀ ਨਿਆਂਇਕ ਪੁਸ਼ਟੀ ਜਾਂ ਅਸਵੀਕਾਰ ਵਜੋਂ ਨਹੀਂ ਸਮਝਿਆ ਜਾ ਸਕਦਾ। ਚੀਫ ਜਸਟਿਸ ਸੂਰੀਆ ਕਾਂਤ, ਜਸਟਿਸ ਜੋਇਮਲਿਆ ਬਾਗਚੀ ਅਤੇ ਜਸਟਿਸ ਵੀ ਮੋਹਨਾ ਦੀ ਬੈਂਚ ਨੇ ਇੱਕ ਨਵੀਂ ਰਿੱਟ ਪਟੀਸ਼ਨ ਲਈ ਪੇਸ਼ ਹੋਏ ਵਕੀਲ ਨੂੰ ਕਿਹਾ, 'ਇਸ ਅਦਾਲਤ ਦੁਆਰਾ ਕੀਤੀਆਂ ਗਈਆਂ ਟਿੱਪਣੀਆਂ ਸੰਵਿਧਾਨਕ ਨਿਰਣੇ ਦੇ ਬਰਾਬਰ ਨਹੀਂ ਹਨ। ਨਵੇਂ ਫਾਰਮ 6 'ਤੇ ਕੋਈ ਨਿਰਣਾ ਨਹੀਂ ਹੋਇਆ।'

### ਤਲਵੰਡੀ ਸਲੇਮ ਦੇ ਸਰਪੰਚ...

ਵਿੱਚ ਵਧ-ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

ਇਸ ਤੋਂ ਪਹਿਲਾਂ ਪ੍ਰਗਤੀਸ਼ੀਲ ਲੇਖਕ ਸੰਘ (ਪ੍ਰਲੇਸ) ਦੇ ਕੌਮੀ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਅਤੇ ਸੂਬਾਈ ਪ੍ਰਧਾਨ ਸੁਰਜੀਤ ਜੱਜ ਨੇ ਇਨਕਲਾਬੀ ਕਵੀ ਪਾਸ਼ ਦੇ ਪਿੰਡ ਤਲਵੰਡੀ ਸਲੇਮ ਵਿੱਚ ਬੀਤੇ ਕਈ ਦਹਾਕਿਆਂ ਤੋਂ ਉਸਰੀ ਯਾਦਗਾਰ 'ਤੇ ਕਾਬਜ਼ ਹੋਣ, ਪਾਸ਼ ਦੇ ਜਨਮ ਦਿਨ ਸਮਾਗਮ ਦੀ ਤਿਆਰੀ 'ਚ ਖ਼ਲਲ ਪਾਉਣ, ਕਹਾਣੀਕਾਰ ਅਤੇ ਮਜ਼ਦੂਰ ਆਗੂ ਹਰਮੇਸ਼ ਮਾਲੜੀ ਨੂੰ ਜਾਤੀਸੂਚਕ ਸ਼ਬਦ ਬੋਲਣ ਤੇ ਉਨ੍ਹਾਂ ਉਤੇ ਹਮਲਾ ਕਰਨ, ਮੋਬਾਇਲ ਖੋਹਣ ਦੀ ਕਾਰਵਾਈ ਕਰਨ ਵਾਲੇ ਸਰਪੰਚ ਅਤੇ ਉਸ ਦੇ ਸਾਥੀਆਂ ਖ਼ਿਲਾਫ਼ ਢੁਕਵੀਂ ਕਾਰਵਾਈ ਕਰਨ ਦੀ ਮੰਗ ਲਈ ਚੱਲ ਰਹੇ ਸੰਘਰਸ਼ ਨਾਲ ਇੱਕਜੁਟਤਾ ਪ੍ਰਗਟਾਉਂਦੇ ਹੋਏ ਪੰਜਾਬ ਸਰਕਾਰ ਤੋਂ ਇਨਸਾਫ਼ ਦੀ ਮੰਗ ਕੀਤੀ ਸੀ। ਉਨ੍ਹਾਂ ਸੋਮਵਾਰ ਦੇਸ਼ ਭਗਤ ਯਾਦਗਾਰ ਹਾਲ ਪ੍ਰੈੱਸ ਕਾਨਫਰੰਸ 'ਚ ਕਿਹਾ ਕਿ ਲੋਕਾਂ ਦੇ ਮਹਿਬੂਬ ਕਵੀ ਦੀ ਯਾਦਗਾਰ ਦਾ ਵਿਰਾਸਤੀ ਸਰੂਪ ਬਣਾਈ ਰੱਖਣਾ ਯਕੀਨੀ ਬਣਾਇਆ ਜਾਵੇ ਅਤੇ ਮਜ਼ਦੂਰ ਆਗੂ 'ਤੇ ਹਮਲੇ ਕਰਨ ਵਾਲੇ ਤਲਵੰਡੀ ਸਲੇਮ ਦੇ ਸਰਪੰਚ 'ਤੇ ਕਾਰਵਾਈ ਕੀਤੀ ਜਾਵੇ।ਉਨ੍ਹਾਂ ਇਸ ਸੰਬੰਧ ਵਿਚ ਅਗਲੇ ਦਿਨਾਂ ਵਿਚ ਸੰਗਰੂਰ ਅਤੇ ਸੰਧਵਾਂ ਵਿਖੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨਾਂ ਵਿਚ ਸ਼ਾਮਲ ਹੋਣ ਲਈ ਵੀ ਕਿਹਾ।ਨਾਲ ਹੀ ਉਹਨਾਂ ਪੰਜਾਬੀਆਂ ਨੂੰ ਦਿੱਲੀ ਜੰਤਰ-ਮੰਤਰ ਵਿਖੇ ਮੁੱਖ ਚੋਣ ਕਮਿਸ਼ਨਰ ਅਤੇ ਉਸ ਦੀ ਪਿੱਠ 'ਤੇ ਖੜ੍ਹੀ ਤਾਨਾਸ਼ਾਹ ਸਰਕਾਰ ਦੇ ਵਿਰੋਧ ਵਿੱਚ ਕੀਤੇ ਜਾ ਰਹੇ ਸੰਘਰਸ਼ ਦਾ ਪੂਰਨ ਸਮਰਥਨ ਕੀਤਾ।ਉਹਨਾਂ ਕਿਹਾ ਕਿ ਜਮਹੂਰੀਅਤ ਨੂੰ ਬਚਾਉਣ ਲਈ ਸੰਵਿਧਾਨਕ ਸੰਸਥਾਵਾਂ ਦਾ ਜਮਹੂਰੀ ਸਰੂਪ ਕਾਇਮ ਰੱਖਣਾ ਬਹੁਤ ਜ਼ਰੂਰੀ ਹੈ, ਪਰ ਸਮੇਂ ਦੀ ਸਰਕਾਰ ਇਹਨਾਂ ਸੰਸਥਾਵਾਂ ਦਾ ਤਾਨਾਸ਼ਾਹੀਕਰਨ ਕਰਕੇ ਉਨ੍ਹਾ ਨੂੰ ਪੂਰੀ ਤਰ੍ਹਾਂ ਆਪਣੇ ਹਿੱਤਾਂ ਲਈ ਵਰਤ ਰਹੀ ਹੈ।ਇਹ ਭਾਰਤ ਦੀਆਂ ਜਮਹੂਰੀ ਪਰੰਪਰਾਵਾਂ 'ਤੇ ਸਿੱਧਾ ਹਮਲਾ ਹੈ।ਉਹਨਾਂ ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਇਸ ਸੰਘਰਸ਼ ਦਾ ਪੁਰਜ਼ੋਰ ਸਮਰਥਨ ਦਾ ਐਲਾਨ ਕਰਦਿਆਂ ਲੋਕਾਂ ਨੂੰ ਵੀ ਇਸ ਸੰਘਰਸ਼ ਵਿਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਲਈ ਅਪੀਲ ਕੀਤੀ।

### ਈ ਡੀ ਵੱਲੋਂ ਪੁਲਸ...

ਦੀ ਕਥਿਤ ਵੀਡੀਓ ਨੂੰ ਜਾਅਲੀ ਸਿੱਧ ਕਰਨ ਲਈ ਮੋਟੀ ਰਕਮ ਦੇ ਬਦਲੇ ਨਕਲੀ ਫੋਰੈਂਸਿਕ ਰਿਪੋਰਟਾਂ ਤਿਆਰ ਕਰਵਾਈਆਂ ਗਈਆਂ ਸਨ। ਗੁਰੂਗ੍ਰਾਮ ਪੁਲਸ ਪਹਿਲਾਂ ਹੀ ਦੋ ਮੁਲਜ਼ਮਾਂ ਅਰੁਣ ਮਹਿੰਦਰੂ ਅਤੇ ਅੰਕਿਤ ਨੂੰ ਗ੍ਰਿਫਤਾਰ ਕਰ ਚੁੱਕੀ ਹੈ। ਇਨ੍ਹਾਂ ਦੋਵਾਂ 'ਤੇ ਕਿਸੇ ਮਾਨਤਾ ਪ੍ਰਾਪਤ ਲੈਬ ਤੋਂ ਬਿਨਾਂ ਹੀ ਕਥਿਤ ਤੌਰ 'ਤੇ ਜਾਅਲੀ ਸਾਈਬਰ ਜਾਂਚ ਰਿਪੋਰਟਾਂ ਤਿਆਰ ਕਰਨ ਦੇ ਦੋਸ਼ ਲੱਗੇ ਹਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Executive Editor : **Resham Singh** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਕਾਰਜਕਾਰੀ ਸੰਪਾਦਕ : **ਰੇਸ਼ਮ ਸਿੰਘ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

ਨਵਾਂ ਜ਼ਮਾਨਾ
ਮੰਗਲਵਾਰ, 13 ਅਕਤੂਬਰ 2026

# ਮੋਦੀ ਦਾ 'ਹਨੂੰਮਾਨ'

*ਕੇਂਦਰੀ ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਮੰਤਰੀ ਅਤੇ ਭਾਜਪਾ ਦੀ ਮੁੱਖ ਸਹਿਯੋਗੀ ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ) ਦੇ ਪ੍ਰਧਾਨ ਚਿਰਾਗ ਪਾਸਵਾਨ ਨੇ ਐਤਵਾਰ ਕਾਕਰੋਚ ਜਨਤਾ ਪਾਰਟੀ 'ਤੇ 'ਅਰਾਜਕਤਾ ਪੈਦਾ ਕਰਨ' ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ ਅਤੇ 'ਵਿਵਸਥਾ ਬਹਾਲ ਕਰਨ' ਲਈ ਕੇਂਦਰ ਦੇ ਸੁਰੱਖਿਆ ਉਪਾਵਾਂ ਦਾ ਸਮਰਥਨ ਕੀਤਾ। ਇਸ ਤੋਂ ਦੋ ਦਿਨ ਪਹਿਲਾਂ ਸ਼ੁੱਕਰਵਾਰ ਉਸ ਨੇ ਲੋਕਾਂ ਨੂੰ ਦਿੱਲੀ ਪੁੱਜਣ ਤੋਂ ਰੋਕਣ ਲਈ ਸਰਕਾਰ ਵੱਲੋਂ ਰੇਲ ਗੱਡੀਆਂ ਬੰਦ ਕਰ ਦੇਣ 'ਤੇ ਕਿਹਾ ਸੀ, "ਇਹ ਭਾਰਤ ਦੇ ਨੌਜਵਾਨ ਹਨ, ਉਨ੍ਹਾਂ ਨੂੰ ਕੋਈ ਵੀ ਨਹੀਂ ਰੋਕ ਸਕਦਾ। ਗਲਤਫਹਿਮੀਆਂ ਫੈਲਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ, ਮੈਂ ਪੁੱਛਦਾ ਹਾਂ : ਕੋਈ ਅਸਲ ਵਿੱਚ ਕਿੰਨੀਆਂ ਰੇਲ ਗੱਡੀਆਂ ਰੋਕ ਸਕਦਾ ਹੈ? ਕਿੰਨੀਆਂ ਕੁਨੈਕਟੀਵਿਟੀ ਨੂੰ ਰੋਕਿਆ ਜਾ ਸਕਦਾ ਹੈ? ਕਿੰਨੀਆਂ ਸੜਕਾਂ ਨੂੰ ਜਾਮ ਕੀਤਾ ਜਾ ਸਕਦਾ ਹੈ?" ਤਾਜ਼ਾ ਬਿਆਨ ਵਿੱਚ ਉਸ ਨੇ ਪ੍ਰੋਟੈਸਟਰਾਂ 'ਤੇ ਦਿੱਲੀ ਪੁਲਸ ਦੀ ਕਾਰਵਾਈ ਦਾ ਬਚਾਅ ਕਰਦਿਆਂ ਦਲੀਲ ਦਿੱਤੀ ਹੈ ਕਿ 'ਵੱਡੇ ਵਿਗਾੜ' ਨੂੰ ਰੋਕਣ ਲਈ ਕਾਰਵਾਈ ਜ਼ਰੂਰੀ ਸੀ। ਆਪਣੇ-ਆਪ ਨੂੰ ਨਰਿੰਦਰ ਮੋਦੀ ਦਾ 'ਹਨੂੰਮਾਨ' ਦੱਸਣ ਵਾਲੇ ਚਿਰਾਗ ਨੇ ਕਿਹਾ ਕਿ ਦਿੱਲੀ ਪੁਲਸ ਨੂੰ ਹੋਰ ਵੀ ਵੱਡੀ ਗੜਬੜ ਦੀ ਸੰਭਾਵਨਾ ਨੂੰ ਰੋਕਣ ਲਈ ਸਖਤ ਰੁਖ਼ ਅਪਣਾਉਣਾ ਪਿਆ।*

*ਚਿਰਾਗ ਨੇ ਪਿਛਲੇ ਮਹੀਨੇ ਸੱਤਾਧਾਰੀ ਗੱਠਜੋੜ ਨਾਲੋਂ ਵੱਖਰੀ ਸੁਰ ਕੱਢਦਿਆਂ ਇਹ ਮੰਗ ਕਰ ਦਿੱਤੀ ਸੀ ਕਿ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਚੋਣ ਕਮਿਸ਼ਨ ਨਾਲ ਜੁੜੇ ਸਵਾਲਾਂ ਦੇ ਜਵਾਬ ਦੇਣੇ ਚਾਹੀਦੇ ਹਨ। ਮੁੱਖ ਚੋਣ ਕਮਿਸ਼ਨਰ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣਾ ਰੁਖ਼ ਸਪੱਸ਼ਟ ਤੌਰ 'ਤੇ ਪੇਸ਼ ਕਰੇ। ਵੱਖਰੀ ਤਰ੍ਹਾਂ ਦੇ ਬਿਆਨ ਦੇਣ ਕਰਕੇ ਅਖ਼ਬਾਰਾਂ ਨੇ ਸੁਰਖੀਆਂ ਲਾ ਦਿੱਤੀਆਂ ਸਨ ਕਿ ਕੌਮੀ ਜਮਹੂਰੀ ਗੱਠਜੋੜ (ਐੱਨ ਡੀ ਏ) ਵਿੱਚ ਮੁੱਖ ਚੋਣ ਕਮਿਸ਼ਨਰ ਬਾਰੇ ਮੱਤਭੇਦ ਹਨ। ਅਖ਼ਬਾਰਾਂ ਨੇ ਅਜਿਹੀਆਂ ਖ਼ਬਰਾਂ ਛਾਪਣ ਵੇਲੇ ਚਿਰਾਗ ਪਾਸਵਾਨ ਦਾ ਡੀ ਐੱਨ ਏ ਟੈਸਟ ਨਹੀਂ ਕੀਤਾ। ਚਿਰਾਗ ਰਾਮ ਵਿਲਾਸ ਪਾਸਵਾਨ ਦਾ ਪੁੱਤਰ ਹੈ, ਜਿਸ ਨੂੰ 'ਮੌਸਮ ਵਿਗਿਆਨੀ' ਵੀ ਕਿਹਾ ਜਾਂਦਾ ਸੀ, ਜਿਹੜਾ ਸਿਆਸੀ ਹਵਾ ਦੇਖ ਕੇ ਝੱਟ ਵਫਾਦਾਰੀ ਬਦਲ ਲੈਂਦਾ ਸੀ। ਉਹ ਘੱਟੋ-ਘੱਟ ਛੇ ਵੱਖ-ਵੱਖ ਪ੍ਰਧਾਨ ਮੰਤਰੀਆਂ ਦੇ ਅਧੀਨ ਮੰਤਰੀ ਰਿਹਾ। ਰਾਮ ਵਿਲਾਸ ਪਾਸਵਾਨ ਉਮਰ ਦੇ ਵੀਹਵਿਆਂ ਦੇ ਸ਼ੁਰੂ ਵਿੱਚ ਸੰਯੁਕਤ ਸਮਾਜਵਾਦੀ ਪਾਰਟੀ ਵੱਲੋਂ ਬਿਹਾਰ ਵਿੱਚ ਵਿਧਾਇਕ ਬਣਿਆ ਸੀ। ਇਹ ਪਾਰਟੀ 1967 ਦੀਆਂ ਲੋਕ ਸਭਾ ਚੋਣਾਂ ਅਤੇ ਵਿਧਾਨ ਸਭਾ ਚੋਣਾਂ ਤੋਂ ਬਾਅਦ ਕਾਂਗਰਸ ਵਿੱਚ ਕਈ ਫੁੱਟਾਂ ਤੋਂ ਬਾਅਦ ਹੋਂਦ ਵਿੱਚ ਆਈ ਸੀ। ਐਮਰਜੈਂਸੀ ਤੋਂ ਬਾਅਦ ਮਾਰਚ 1977 ਦੀਆਂ ਚੋਣਾਂ ਵਿੱਚ ਪਾਸਵਾਨ ਜਨਤਾ ਪਾਰਟੀ ਦੇ ਉਮੀਦਵਾਰ ਵਜੋਂ ਬਿਹਾਰ ਦੇ ਹਾਜੀਪੁਰ ਹਲਕੇ ਤੋਂ ਰਿਕਾਰਡ 4.24 ਲੱਖ ਵੋਟਾਂ ਦੇ ਫਰਕ ਨਾਲ ਜਿੱਤ ਕੇ ਪਹਿਲੀ ਵਾਰ ਲੋਕ ਸਭਾ ਮੈਂਬਰ ਬਣਿਆ ਸੀ। 1988 ਵਿੱਚ ਉਹ ਨਵੇਂ ਬਣੇ ਜਨਤਾ ਦਲ ਦਾ ਜਨਰਲ ਸਕੱਤਰ ਅਤੇ ਰਾਸ਼ਟਰੀ ਮੋਰਚਾ ਗੱਠਜੋੜ ਦਾ ਸਕੱਤਰ ਬਣਿਆ, ਜਿਸ ਵਿੱਚ ਜਨਤਾ ਦਲ, ਖੱਬੇ ਪੱਖੀ ਪਾਰਟੀਆਂ ਅਤੇ ਹੋਰ ਖੇਤਰੀ ਪਾਰਟੀਆਂ ਸ਼ਾਮਲ ਸਨ। 43 ਸਾਲ ਦੀ ਛੋਟੀ ਉਮਰ ਵਿੱਚ, ਦਸੰਬਰ 1989 ਵਿੱਚ ਵੀ ਪੀ ਸਿੰਘ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਕੇਂਦਰੀ ਕਿਰਤ ਮੰਤਰੀ ਬਣਿਆ। 1999 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਪਾਸਵਾਨ ਨੂੰ ਵਾਜਪਾਈ ਸਰਕਾਰ ਵਿੱਚ ਕੇਂਦਰੀ ਕੈਬਨਿਟ ਵਿੱਚ ਦੂਰਸੰਚਾਰ ਮੰਤਰੀ ਬਣਾ ਕੇ ਇਨਾਮ ਦਿੱਤਾ ਗਿਆ ਸੀ। 2000 ਵਿੱਚ ਉਸ ਨੇ ਜਨਤਾ ਦਲ ਤੋਂ ਵੱਖ ਹੋ ਕੇ ਐੱਲ ਜੇ ਪੀ ਬਣਾਈ। 2002 ਵਿੱਚ ਗੁਜਰਾਤ ਵਿੱਚ ਹੋਏ ਫਿਰਕੂ ਦੰਗਿਆਂ ਤੋਂ ਬਾਅਦ ਪਾਸਵਾਨ ਅਤੇ ਐੱਨ ਡੀ ਏ ਵਿੱਚ ਭਾਜਪਾ ਦੇ ਕੁਝ ਹੋਰ ਸਹਿਯੋਗੀਆਂ ਨੇ ਨਰਿੰਦਰ ਮੋਦੀ ਤੋਂ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਮੰਗਿਆ। ਭਾਜਪਾ ਵੱਲੋਂ ਮੋਦੀ ਨੂੰ ਹਟਾਉਣ ਤੋਂ ਇਨਕਾਰ ਕਰਨ 'ਤੇ ਉਨ੍ਹਾਂ ਨੇ ਗੱਠਜੋੜ ਛੱਡ ਦਿੱਤਾ। ਸਾਰੀ ਜ਼ਿੰਦਗੀ ਕਾਂਗਰਸ ਵਿਰੋਧੀ ਸਿਆਸਤ ਕਰਨ ਵਾਲਾ ਪਾਸਵਾਨ 2004 ਵਿੱਚ ਮੁਤਹਿਦਾ ਜਮਹੂਰੀ ਗੱਠਜੋੜ (ਯੂ ਪੀ ਏ) ਵਿੱਚ ਸ਼ਾਮਲ ਹੋ ਗਿਆ ਅਤੇ ਮਨਮੋਹਨ ਸਿੰਘ ਸਰਕਾਰ ਵਿੱਚ ਰਸਾਇਣ ਤੇ ਖਾਦ ਮੰਤਰੀ ਬਣਿਆ। 2005 ਦੀਆਂ ਬਿਹਾਰ ਚੋਣਾਂ ਵਿੱਚ ਲਾਲੂ ਯਾਦਵ ਦਾ ਵੱਡਾ ਆਲੋਚਕ ਹੋਣ ਦੇ ਬਾਵਜੂਦ ਉਸ ਨੇ 2009 ਦੇ ਸ਼ੁਰੂ ਵਿੱਚ ਦੁਬਾਰਾ ਆਰ ਜੇ ਡੀ ਨਾਲ ਹੱਥ ਮਿਲਾਇਆ ਅਤੇ ਜੂਨ 2010 ਵਿੱਚ ਆਰ ਜੇ ਡੀ-ਐੱਲ ਜੇ ਪੀ ਗੱਠਜੋੜ ਦੀ ਟਿਕਟ 'ਤੇ ਰਾਜ ਸਭਾ ਪਹੁੰਚਿਆ। 2014 ਦੀਆਂ ਚੋਣਾਂ ਵਿੱਚ ਜਿੱਤ ਕੇ ਮੋਦੀ ਸਰਕਾਰ ਵਿੱਚ ਸ਼ਾਮਲ ਹੋ ਗਿਆ। ਪੁੱਤਰ ਵੀ ਪਿਤਾ 'ਤੇ ਹੀ ਗਿਆ ਹੈ। ਮੋਦੀਆਂ ਦੀ ਇੱਕ ਘੁਰਕੀ ਤੋਂ ਬਾਅਦ ਉਸ ਨੇ ਦੋ ਦਿਨਾਂ 'ਚ ਹੀ ਸੁਰ ਬਦਲ ਲਈ।*

## ਈਡੀਆਂ ਤੇ ਸੀਬੀਆਂ !

*ਮੰਤਰੀ ਜਾਂ ਸੰਤਰੀ ਵਿਧਾਇਕ ਬਣ ਜਾਂਦੇ ਜਦੋਂ,*
*ਮੌਕਾ ਬਣ ਜਾਏ ਦੂਰ ਕਰਨ ਲਈ ਗਰੀਬੀਆਂ।*
*ਈਨ ਮੰਨੀ ਹੋਵੇ ਭਾਈ ਜਿਨ੍ਹਾਂ ਨੇ ਕਮਲ ਵਾਲੀ,*
*ਓਹੀ ਪਾਰਟੀਆਂ ਜਾਣੋ ਸਾਊ ਅਤੇ ਬੀਬੀਆਂ।*
*ਵਾਸ਼ਿੰਗ ਮਸ਼ੀਨ ਬਿਨਾਂ ਪਾਕ ਸਾਫ਼ ਹੋ ਜਾਂਦੇ ਨੇ,*
*ਉਤਲਿਆਂ ਦੇ ਨਾਲ ਬਣ ਜਾਣ ਜੇ ਕਰੀਬੀਆਂ।*
*ਇੰਜਣ ਡਬਲ ਜੇ ਬਣਾਉਣਾ ਹੋਵੇ ਕੰਮ ਆਉਣ,*
*'ਸਾਮ ਦਾਮ ਦੰਡ ਭੇਦ' ਵਾਲੀਆਂ ਹਬੀਬੀਆਂ।*
*ਨੈਗੇਟਿਵ ਸਿਰਜਣੇ ਲਈ ਝੱਟ ਵੱਜ ਪੈਂਦੀਆਂ ਨੇ,*
*ਗੋਦੀ ਵਾਜੇ ਦੀਆਂ ਇੱਕ ਸੁਰ ਹੋ ਕੇ ਜੀਬ੍ਹੀਆਂ।*
*ਹੋਵੇ ਸਰਕਾਰ ਜਿੰਥੇ 'ਸਿੰਗਲ ਇੰਜਣ' ਵਾਲੀ,*
*ਉੱਥੇ ਪੁੱਜ ਜਾਂਦੀਆਂ ਨੇ ਈਡੀਆਂ ਤੇ ਸੀਬੀਆਂ।*

*-ਤਰਲੋਚਨ ਸਿੰਘ ਦੁਪਾਲਪੁਰ, 001-408-905-5517*

# ਲੋਕ ਸਮੱਸਿਆਵਾਂ ਦੇ ਹੱਲ ਲਈ ਰਾਜਸੀ ਜਮਾਤਾਂ ਕੋਲ ਕਿਹੜੇ ਪ੍ਰੋਗਰਾਮ



ਗੁਰਚਰਨ ਸਿੰਘ ਨੂਰਪੁਰ

ਭਵਿੱਖ ਦੀਆਂ ਯੋਜਨਾਵਾਂ ਤੋਂ ਸੱਖਣੀ ਅਤੇ ਵਕਤੀ ਰਾਹਤਾਂ ਦੇਣ ਵਾਲੀ ਰਾਜਨੀਤੀ ਅੱਗੇ ਜਾ ਕੇ ਵੱਡੀਆਂ ਸਮੱਸਿਆਵਾਂ ਪੈਦਾ ਕਰਨ ਦਾ ਜ਼ਰੀਆ ਬਣਦੀ ਹੈ।

ਸਾਨੂੰ ਹੁਣ ਇਹ ਵਿਆਖਿਆ ਕਰਨ ਦੀ ਲੋੜ ਨਹੀਂ ਕਿ ਸਾਡੇ ਸਮਾਜ ਦੀਆਂ ਸਮੱਸਿਆਵਾਂ ਕਿਹੜੀਆਂ ਹਨ ਅਤੇ ਇਹਨਾਂ ਦੇ ਕੱਦ ਕਿੰਨੇ ਵੱਡੇ ਹਨ? ਬਲਕਿ ਇਹ ਸੋਚਣ ਦੀ ਲੋੜ ਹੈ ਕਿ ਇਹਨਾਂ ਦੇ ਹੱਲ ਲਈ ਕੀ-ਕੀ ਕਿਵੇਂ ਕੀਤਾ ਜਾਣਾ ਚਾਹੀਦਾ ਹੈ। ਰਾਜਨੀਤਕ ਧਿਰਾਂ ਨੂੰ ਚਾਹੀਦਾ ਹੈ ਕਿ ਉਹ ਸਮਾਜ ਦੀਆਂ ਸਮੱਸਿਆਵਾਂ ਪ੍ਰਤੀ ਗੰਭੀਰ ਹੋਣ ਅਤੇ ਇਹਨਾਂ ਨੂੰ ਹੱਲ ਕਰਨ ਦੇ ਆਪਣੇ ਪ੍ਰੋਗਰਾਮ ਜਨਤਾ ਵਿੱਚ ਰੱਖਣ। ਇਸ ਦਾ ਇੱਕ ਦੂਜਾ ਪੱਖ ਵੀ ਹੈ ਉਹ ਇਹ ਕਿ ਨੀਵੇਂ ਪੱਧਰ ਦੀ ਰਾਜਨੀਤੀ ਸਮਾਜ ਦੀਆਂ ਸਮੱਸਿਆਵਾਂ 'ਤੇ ਪਲਦੀ ਹੈ। ਘਟੀਆ ਰਾਜਨੀਤੀ ਨੂੰ ਇਹ ਵੀ ਡਰ ਹੈ ਕਿ ਜੇਕਰ ਸਮਾਜ ਵਿੱਚੋਂ ਸਮੱਸਿਆਵਾਂ ਮੁੱਕ ਜਾਣ ਤਾਂ ਇਹ ਨਾ ਹੋਵੇ ਕਿ ਉਸ ਦੀ ਪੁੱਛ-ਪ੍ਰਤੀਤ ਹੀ ਨਾ ਰਹੇ। ਸ਼ਾਤਰ ਰਾਜਨੀਤਕ ਸਮਾਜ ਲਈ ਡਰਾਂ ਦੀ ਸਿਰਜਣਾ ਕਰਦਾ ਹੈ। ਜਦੋਂ ਕੋਈ ਡਰ ਨਹੀਂ ਹੁੰਦਾ, ਉਦੋਂ ਵਕਤੀ ਤੌਰ 'ਤੇ ਬਣਾਉਟੀ ਡਰਾ ਦੀ ਸਿਰਜਣਾ ਵੀ ਕਰ ਲਈ ਜਾਂਦੀ ਹੈ। ਸਮਾਂ ਲੰਘ ਜਾਣ ਮਗਰੋਂ ਇਹਨਾਂ ਡਰਾਂ ਦੀ ਫਿਕਰਮੰਦੀ ਹਵਾ ਹੋ ਜਾਂਦੀ ਹੈ।

ਇਸ ਸਮੇਂ ਸਾਡੀਆਂ ਰਾਜਸੀ ਪਾਰਟੀਆਂ ਕੋਲ ਸਮਾਜ ਨੂੰ ਵੱਖ-ਵੱਖ ਸਮੱਸਿਆਵਾਂ 'ਚੋਂ ਕੱਢਣ ਦਾ ਕੋਈ ਪ੍ਰੋਗਰਾਮ ਨਹੀਂ। ਕਿਸੇ ਪਾਰਟੀ ਨੇ ਵੀ ਕਦੇ ਇਹ ਬਿਆਨ ਨਹੀਂ ਦਿੱਤਾ ਕਿ ਆਉਣ ਵਾਲੇ ਇਸ ਅਰਸੇ ਤੱਕ, ਅਸੀਂ ਇਸ ਢੰਗ ਨਾਲ ਅਸੀਂ ਏਨੀਆਂ ਨੌਕਰੀਆਂ ਪੈਦਾ ਕਰਾਂਗੇ, ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਸਾਡੇ ਕੋਲ ਇਹ ਪ੍ਰੋਗਰਾਮ ਹੈ, ਨੌਜਵਾਨਾਂ ਨੂੰ ਨਸ਼ਿਆਂ ਅਤੇ ਅਪਰਾਧ ਦੀ ਦੁਨੀਆਂ 'ਚੋਂ ਕੱਢਣ ਲਈ ਇਹ ਯੋਜਨਾਵਾਂ ਲੈ ਕੇ ਆਵਾਂਗੇ।

ਭਵਿੱਖ ਦੇ ਪ੍ਰੋਗਰਾਮ ਤੋਂ ਸੱਖਣੀ ਰਾਜਨੀਤੀ ਕਰਕੇ ਹੀ ਸਾਡੇ ਸਮਾਜ ਦੇ ਹਾਲਾਤ ਹਰ ਦਿਨ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਦੁਨੀਆਂ ਦੀ ਆਬਾਦੀ ਵਧ ਰਹੀ ਹੈ, ਜ਼ਾਹਿਰ ਹੈ ਕਿ ਵਧੀ ਆਬਾਦੀ ਨੂੰ ਵੱਧ ਸੇਵਾਵਾਂ ਅਤੇ ਵੱਧ ਅਦਾਰੇ ਵੀ ਚਾਹੀਦੇ ਹਨ, ਪਰ ਇਸ ਦੇ ਉਲਟ ਨੌਜਵਾਨਾਂ ਲਈ ਨੌਕਰੀਆਂ ਦੇ ਦਰਵਾਜ਼ੇ ਬੰਦ ਹਨ। ਕੁਝ ਅਦਾਰਿਆਂ ਦਾ ਉਂਝ ਹੀ ਭੋਗ ਪਾ ਦਿੱਤਾ ਗਿਆ ਹੈ। ਦੁਨੀਆ ਦੇ ਨਾਲ ਚੱਲਣ ਅਤੇ ਸਮੇਂ ਦੇ ਹਾਣੀ ਬਣਨ ਲਈ ਸਾਨੂੰ ਵੱਧ ਗਿਆਨਵਾਨ ਹੋਣ ਦੀ ਲੋੜ ਹੈ, ਆਧੁਨਿਕ ਸਿੱਖਿਆ ਅਤੇ ਸਿੱਖਿਆ ਅਦਾਰਿਆਂ ਦੀ ਵਧੇਰੇ ਲੋੜ ਹੈ, ਪਰ ਸਕੂਲ ਬੰਦ ਕੀਤੇ ਜਾ ਰਹੇ ਹਨ। ਸਕੂਲਾਂ 'ਚ ਅਧਿਆਪਕਾਂ ਦੀਆਂ ਹਜ਼ਾਰਾਂ ਅਸਾਮੀਆਂ ਖਾਲੀ ਹਨ। ਪੜ੍ਹ ਲਿਖ ਕੇ ਅਧਿਆਪਕ ਬਣੇ ਨੌਜਵਾਨ,ਲੜਕੇ/ਲੜਕੀਆਂ ਨੌਕਰੀਆਂ ਲਈ ਸੜਕਾਂ 'ਤੇ ਧਰਨੇ ਦੇ ਰਹੇ ਹਨ। ਜੇਕਰ ਉਹ ਨੌਕਰੀ ਮੰਗਦੇ ਹਨ ਤਾਂ ਉਹਨਾਂ ਦਾ ਸਵਾਗਤ ਪੁਲਸ ਦੀ ਡਾਂਗ ਨਾਲ ਹੁੰਦਾ ਹੈ। ਦੂਜੇ ਪਾਸੇ ਇਹ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ ਕਿ ਦੇਸ਼ ਵਿੱਚ ਸੰਸਦ ਮੈਂਬਰਾਂ ਦੀ ਗਿਣਤੀ ਵਧਾ ਕੇ 543 ਤੋਂ 850 ਤੱਕ ਕਰ ਦਿੱਤੀ ਜਾਵੇ। ਸੰਸਦ ਮੈਂਬਰਾਂ ਦੀ ਗਿਣਤੀ ਤਾਂ ਇਸ ਤੋਂ ਘੱਟ ਵੀ ਹੋਵੇ ਤਾਂ ਵੀ ਸਰ ਸਕਦਾ ਹੈ, ਪਰ ਜੇਕਰ ਬੈਂਕਾਂ, ਹਸਪਤਾਲਾਂ, ਡਾਕਖਾਨਿਆਂ, ਰੇਲਵੇ, ਬਿਜਲੀ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਹੋਰ ਅਦਰਿਆਂ ਵਿੱਚ ਲੋੜੀਂਦੇ ਮੁਲਾਜ਼ਮ ਨਹੀਂ ਹੋਣਗੇ ਤਾਂ ਲੋਕਾਂ ਨੂੰ ਚੰਗੀਆਂ ਸਹੂਲਤਾਂ ਕਿਵੇਂ ਮਿਲਣਗੀਆਂ? ਹੋਰ ਤਾਂ ਹੋਰ ਸਾਡੇ ਬਹੁਤ ਸਾਰੇ ਥਾਨਿਆਂ ਵਿੱਚ ਹਾਲਾਤ ਇਹ ਹਨ ਕਿ ਲੋੜੀਦੇ ਮੁਲਾਜ਼ਮ ਨਹੀਂ ਹਨ। ਇੱਕ ਪਾਸੇ ਲੋੜ ਦੇ ਬਾਵਜੂਦ ਸਰਕਾਰੀ ਭਰਤੀਆਂ ਨਹੀਂ ਕੀਤੀਆਂ ਜਾ ਰਹੀਆਂ, ਦੂਜੇ ਪਾਸੇ ਪ੍ਰਾਈਵੇਟ ਅਤੇ ਸਰਕਾਰੀ ਅਦਾਰਿਆਂ ਵਿੱਚੋਂ ਕੱਚੇ ਮੁਲਾਜ਼ਮਾਂ ਦੀ ਛਾਂਟੀ ਕੀਤੀ ਜਾ ਰਹੀ ਹੈ। ਦੁਨੀਆ ਭਰ ਵਿੱਚ ਚਰਚਾ ਹੈ ਕਿ ਅਗਲੇ ਪੰਜ ਸਾਲਾਂ ਵਿੱਚ ਏ ਆਈ ਦੇ ਪ੍ਰਭਾਵ ਨਾਲ ਇਹ ਅਮਲ ਏਨੀ ਤੇਜ਼ੀ ਨਾਲ ਵਧੇਗਾ ਕਿ ਸਥਿਤੀ ਵਿਸਫੋਟਕ ਬਣ ਜਾਵੇਗੀ। ਇਸ ਤਰ੍ਹਾਂ ਦੇ ਵੱਡੇ ਫਿਕਰਾਂ ਲਈ ਸਾਡੇ ਕੋਲ ਕੀ ਪ੍ਰੋਗਰਾਮ ਹਨ? ਜ਼ਾਹਿਰ ਹੈ ਕੋਈ ਵੀ ਨਹੀਂ। ਅਸੀਂ ਕੇਵਲ ਨਾਹਰੇ, ਵਾਅਦੇ, ਲਾਰੇ ਅਤੇ ਮੁਫਤ ਖੈਰਾਤਾਂ ਤੱਕ ਸੀਮਤ ਹਾਂ। ਸਾਡੇ ਸਮਾਜ ਵਿੱਚ ਅੱਜ ਬੇਕਾਰੀ ਹੈ, ਸਿੱਖਿਆ ਦਾ ਨਿੱਜੀਕਰਨ ਹੋ ਚੁੱਕਿਆ ਹੈ ਅਤੇ ਇਹ ਏਨੀ ਮਹਿੰਗੀ ਹੋ ਗਈ ਹੈ ਇਹ ਲੋਕਾਂ ਦਾ ਤੇਲ ਕੱਢ ਰਹੀ ਹੈ। ਸਰਕਾਰੀ ਅਦਾਰਿਆਂ ਦੀ ਹਾਲਤ ਹਰ ਦਿਨ ਪਤਲੀ ਹੋ ਰਹੀ ਹੈ।

ਰਾਜਸੀ ਪਾਰਟੀਆਂ ਭਾਵੇਂ ਸੱਤਾ ਵਿੱਚ ਹੋਣ, ਭਾਵੇਂ ਇਹ ਸੱਤਾ ਤੋਂ ਬਾਹਰ, ਉਹਨਾਂ ਨੂੰ ਦੱਸਣਾ ਚਾਹੀਦਾ ਹੈ ਕਿ ਸਮਾਜ ਦੀਆਂ ਸਮੱਸਿਆਵਾਂ ਲਈ ਸਾਡੇ ਕੋਲ ਇਸ ਤਰ੍ਹਾਂ ਦੇ ਪ੍ਰੋਗਰਾਮ ਹਨ ਅਤੇ ਅਸੀਂ ਇਹਨਾਂ 'ਤੇ ਹੁਣ ਤੱਕ ਇਹ ਕੰਮ ਕੀਤਾ ਹੈ ਅਤੇ ਅੱਗੋਂ ਇਹ ਕਰ ਰਹੇ ਹਾਂ। ਸਮਾਜ ਲਈ ਕੁਝ ਕਰਨਾ ਹੋਵੇ ਤਾਂ ਇਸ ਲਈ ਜ਼ਰੂਰੀ ਨਹੀਂ ਸੱਤਾ ਦੀ ਵੱਡੀ ਤਾਕਤ ਹੱਥ ਹੋਵੇ ਤਾਂ ਹੀ ਕੀਤਾ ਜਾ ਸਕਦਾ ਹੈ, ਬਲਕਿ ਦੁਨੀਆਂ ਦੀ ਰਾਜਨੀਤੀ ਦੇ ਇਤਿਹਾਸ 'ਤੇ ਨਿਗ੍ਹਾ ਮਾਰਿਆਂ ਪਤਾ ਚੱਲਦਾ ਹੈ ਕਿ ਦੁਨੀਆ ਵਿੱਚ ਵੱਡੀਆਂ ਤਬਦੀਲੀਆਂ ਉਹਨਾਂ ਲੋਕਾਂ ਨੇ ਉਦੋਂ ਲਿਆਂਦੀਆਂ, ਜਦੋਂ ਉਹ ਸੱਤਾ ਤੋਂ ਬਾਹਰ ਸਨ। ਨੈਲਸਨ ਮੰਡੇਲਾ ਅਤੇ ਇਬਰਾਹਿਮ ਲਿੰਕਨ ਵਰਗੇ ਲੋਕ ਲੀਡਰਾਂ ਦੀਆਂ ਉਦਾਹਰਣਾਂ ਸਾਡੇ ਸਹਾਮਣੇ ਹਨ। ਹੁਣ ਜ਼ਰਾ ਸੋਚਿਓ ਕਿ ਇਸ ਸਮੇਂ ਸਾਡੇ ਆਲੇ-ਦੁਆਲੇ ਰਾਜਨੀਤਕ ਗਲਿਆਰਿਆਂ ਵਿੱਚ ਜੋ ਕੁਝ ਵਾਪਰ ਰਿਹਾ ਹੈ ਕੀ ਉਸ ਨਾਲ ਸਮਾਜ ਵਿੱਚ ਕਿਸੇ ਵੱਡੀ ਤਬਦੀਲੀ ਦੀ ਆਸ ਬੱਝਦੀ ਹੈ?

ਸਾਡੀਆਂ ਸਰਕਾਰਾਂ ਦਾ ਫਿਕਰ ਨੌਜਵਾਨਾਂ ਨੂੰ ਰੋਜ਼ਗਾਰ ਦੇਣਾ ਹੋਣਾ ਚਾਹੀਦਾ ਹੈ। ਇਸ ਸਮੇਂ ਕੰਮ ਕਰਨ ਦੇ ਚਾਹਵਾਨ ਨੌਜਵਾਨ ਆਪਣੇ ਘਰ ਵਾਲੇ ਮੋਟਰਸਾਈਕਲ ਅਤੇ ਨਿੱਜੀ ਮੋਬਾਇਲ ਆਸਰੇ ਹੁਣ ਡਲਿਵਰੀ ਬੁਆਏ ਬਣ ਰਹੇ ਹਨ। ਜਿੱਥੇ ਇਸ ਤਰ੍ਹਾਂ ਦੇ ਵਰਤਾਰੇ ਬੇਰੁਜ਼ਗਾਰ ਨੌਜਵਾਨਾਂ ਦੇ ਹਾਲਾਤ ਦੱਸਦੇ ਹਨ, ਉੱਥੇ ਇਹਨਾਂ ਤੋਂ ਇਹ ਵੀ ਪਤਾ ਚੱਲਦਾ ਹੈ ਕਿ ਭਵਿੱਖ ਵਿੱਚ ਛੋਟੇ ਵਪਾਰੀਆਂ ਦੇ ਕਾਰੋਬਾਰਾਂ ਅਤੇ ਦੁਕਾਨਦਾਰਾਂ ਦਾ ਜਲਦੀ ਹੀ ਖਾਤਮਾ ਹੋਣ ਜਾ ਰਿਹਾ ਹੈ। ਹਰ ਚੀਜ਼ ਦੀ ਖਰੀਦਦਾਰੀ ਇਸ ਦਾ ਵਿਖਾਵਾ ਸਾਡੇ ਮੋਬਾਇਲ ਦੀ ਸਕਰੀਨ 'ਤੇ ਮੌਜੂਦ ਹੈ। ਅਸੀਂ ਨੰਬਰ ਡਾਇਲ ਕਰਦੇ ਹਾਂ 'ਤੇ ਉਹ ਚੀਜ਼ ਕੁਝ ਅਰਸੇ ਮਗਰੋਂ ਸਾਡੇ ਦਰਵਾਜ਼ੇ 'ਤੇ ਖੜ੍ਹੀ ਹੁੰਦੀ ਹੈ। ਅਸੀਂ ਰੇਲਵੇ, ਜਹਾਜ਼ ਦੀ ਟਿਕਟ ਲੈਣੀ ਹੈ ਤਾਂ ਇਸ ਦੀ ਬੁਕਿੰਗ ਮੋਬਾਇਲ ਤੋਂ ਹੋ ਜਾਣੀ ਹੈ, ਕਿਸੇ ਪਾਸੇ ਜਾਣ ਦੀ ਲੋੜ ਨਹੀਂ। ਸਾਡੇ ਬਿਜਲੀ ਦੇ ਸਮਾਰਟ ਮੀਟਰ ਦੀ ਪੜ੍ਹਤ ਪੜ੍ਹਨ ਵਾਲੇ ਦੀ ਛੁੱਟੀ ਹੋ ਗਈ ਹੈ, ਬਿਜਲੀ ਦਾ ਬਿੱਲ ਸਾਡੇ ਘਰ ਦੇਣ ਕੋਈ ਨਹੀਂ ਆਵੇਗਾ । ਇਸ ਬੰਦੇ ਦੀ ਵੀ ਛੁੱਟੀ ਕਰ ਦਿੱਤੀ ਗਈ ਹੈ। ਬਿੱਲ ਸਿੱਧਾ ਮੈਸੇਜ ਬਣ ਕੇ ਮੋਬਾਇਲ 'ਤੇ ਆ ਜਾਵੇਗਾ। ਮੋਬਾਇਲ ਤੋਂ ਹੀ ਇਸ ਨੂੰ ਭਰਿਆ ਜਾਵੇਗਾ, ਬਿੱਲ ਲੈਣ ਵਾਲੇ ਬੰਦੇ ਦੀ ਵੀ ਲੋੜ ਨਹੀਂ ਰਹੇਗੀ।

ਭਵਿੱਖ ਦੇ ਕੁਝ ਸਾਲਾਂ ਵਿੱਚ ਜਦੋਂ ਏ ਆਈ ਰੋਬੋਟ ਨਾਲ ਡਿਲਵਰੀ ਬੁਆਏ ਦੀ ਵੀ ਲੋੜ ਨਹੀਂ ਰਹੇਗੀ ਤਾਂ ਇਹ ਜਾਂ ਇਸ ਤਰ੍ਹਾਂ ਦੀਆਂ ਨੌਕਰੀਆਂ ਕਰਨ ਵਾਲੇ ਨੌਜਵਾਨ ਵੱਡੀ ਤਾਦਾਦ ਵਿੱਚ ਹੋਰ ਬੇਕਾਰ ਹੋ ਜਾਣਗੇ। ਬਿਲਕੁਲ ਉਸੇ ਤਰ੍ਹਾਂ ਜਿਵੇਂ ਹੁਣ ਟੋਲ ਬੈਰੀਅਰ ਤੋਂ ਲੜਕੇ, ਲੜਕੀਆਂ ਦੀਆਂ ਸੇਵਾਵਾਂ ਖਤਮ ਕੀਤੀਆ ਜਾ ਰਹੀਆਂ ਹਨ। ਇਹ ਕੰਮ ਹੁਣ ਡਿਜੀਟਲ ਕੈਮਰਿਆਂ ਨੇ ਸੰਭਾਲ ਲਿਆ ਹੈ। ਕੁਝ ਸਾਲ ਕੰਮ ਕਰਵਾ ਕੇ ਬੇਕਾਰ ਕਰ ਦਿੱਤੇ ਗਏ ਇਹ ਨੌਜਵਾਨ ਮੁੰਡੇ-ਕੁੜੀਆਂ ਕੀ ਕਰਨਗੇ? ਹਰ ਤਹਿਸੀਲਦਾਰ ਦੇ ਫਰਦ ਕੇਂਦਰਾਂ ਵਿੱਚ ਸੰਨ 2007 ਵਿੱਚ ਕੇਵਲ 2800 ਤਨਖਾਹ 'ਤੇ ਤਕਰੀਬਨ 900 ਨੌਜਵਾਨਾਂ ਨੂੰ ਭਰਤੀ ਕੀਤਾ ਗਿਆ। ਕਰੀਬ ਵੀਹ ਸਾਲ ਬਾਅਦ ਇਹਨਾਂ ਸਭ ਦੀ ਤਨਖਾਹ ਹੁਣ ਕਰੀਬ 13000 ਰੁਪਏ ਹੈ। ਅਦਾਰੇ ਨੂੰ ਪੱਕੇ ਤੌਰ 'ਤੇ ਬੰਦ ਕਰਨ ਅਤੇ ਇਹਨਾਂ ਨੌਜਵਾਨਾਂ ਨੂੰ ਜੋ ਹੁਣ ਨੌਜਵਾਨ ਨਹੀਂ ਰਹੇ ਅਧਖੜ ਉਮਰ ਦੇ ਹੋ ਗਏ ਹਨ, ਨੂੰ ਨੌਕਰੀ ਤੋਂ ਕੱਢ ਦੇਣ ਦੀ ਤਲਵਾਰ ਹਰ ਸਮੇਂ ਇਹਨਾਂ ਦੇ ਸਿਰ 'ਤੇ ਲਟਕਦੀ ਹੈ। ਇਹ ਇੱਕ ਅਦਾਰੇ ਦੀ ਮਿਸਾਲ ਹੈ ਹੋਰ ਕਿੰਨੇ ਹੀ ਸਰਕਾਰੀ ਅਤੇ ਪ੍ਰਾਈਵੇਟ ਅਦਾਰੇ ਹਨ, ਜਿਹਨਾਂ ਦਾ ਇਹੋ ਹਾਲ ਹੈ।

ਸਰਕਾਰਾਂ ਨੂੰ ਨੌਜਵਾਨਾਂ ਲਈ ਰੋਜ਼ਗਾਰ ਦਾ ਫਿਕਰ ਕਰਨਾ ਚਾਹੀਦਾ ਹੈ, ਪਰ ਇਸ ਦੀ ਬਜਾਏ ਲੋਕਾਂ ਨੂੰ ਬਿਨਾਂ ਮੰਗੀਆਂ, ਬੇਲੋੜੀਆਂ ਖੈਰਾਤਾਂ ਦਿੱਤੀਆਂ ਜਾ ਰਹੀਆਂ ਹਨ। ਇਸ ਸਮੇਂ ਬੇਕਾਰੀ ਦੇ ਆਲਮ ਵਿੱਚ ਸਾਡੇ ਨੌਜਵਾਨ ਨਸ਼ਿਆਂ ਵਰਗੀਆਂ ਅਲਾਮਤਾਂ ਦਾ ਸ਼ਿਕਾਰ ਬਣ ਰਹੇ ਹਨ। ਇਹ ਅਪਰਾਧਾਂ ਦੀ ਘੁੱਪ ਹਨੇਰੀ ਦੁਨੀਆ ਵੱਲ ਜਾ ਰਹੇ ਹਨ। ਇਹ ਸਾਡਾ ਨੁਕਸਦਾਰ ਸਿਸਟਮ ਹੀ ਹੈ, ਜੋ ਅਜਿਹੇ ਹਾਲਾਤ ਪੈਦਾ ਕਰ ਰਿਹਾ ਹੈ। ਅਸੀਂ ਕਹਿ ਸਕਦੇ ਹਾਂ ਕਿ ਰਿਜ਼ਕ ਕਮਾਉਣ ਵਿੱਚ ਰੁੱਝੇ ਹੱਥ ਅਪਰਾਧ ਨਹੀਂ ਕਰ ਸਕਦੇ।

ਸਾਡਾ ਸਮਾਜ ਅਨੇਕਾਂ ਗੰਭੀਰ ਸਮੱਸਿਆਵਾਂ ਦਾ ਸ਼ਿਕਾਰ ਹੈ। ਭਵਿੱਖ ਵਿੱਚ ਹੋਰ ਵੀ ਵੱਡੀਆਂ ਚੁਣੌਤੀਆਂ ਸਾਡੇ ਸਾਹਮਣੇ ਖੜ੍ਹੀਆਂ ਹਨ, ਪਰ ਇਹਨਾਂ ਦੇ ਹੱਲ ਲਈ ਸਾਡੀਆਂ ਰਾਜਸੀ ਜਮਾਤਾਂ ਕੋਲ ਫਿਲਹਾਲ ਕੋਈ ਪ੍ਰੋਗਰਾਮ ਨਹੀਂ। ਇਸ ਸੰਬੰਧੀ ਲੋਕਾਂ ਨੂੰ ਵੀ ਜਾਗਰੂਕ ਹੋਣ ਦੀ ਲੋੜ ਹੈ ਅਤੇ ਸਿਆਸੀ ਪਾਰਟੀ ਨੂੰ ਵੀ ਸਮਾਜ ਦੀ ਨਿੱਘਰਦੀ ਜਾ ਰਹੀ ਹਾਲਤ ਲਈ ਸੁਹਿਰਦਤਾ ਨਾਲ ਲਕੀਰ ਤੋਂ ਹਟ ਕੇ ਕੰਮ ਕਰਨ ਦੀ ਲੋੜ ਹੈ।

**# ਸੰਪਰਕ : 98550-51099**

# ਕੈਂਸਰ ਦੀਆਂ ਦਵਾਈਆਂ ਅਤੇ ਟੈਸਟਾਂ ਦੇ ਰੇਟਾਂ 'ਚ ਵੱਡੇ ਫਰਕ

**ਮੇਜਰ ਸਿੰਘ ਨਾਭਾ**

ਤਾਜ਼ਾ ਖਬਰ ਅਨੁਸਾਰ ਦਵਾਈਆਂ ਨਾਲ ਸੰਬੰਧਤ ਦੋ ਪਟੀਸ਼ਨਾਂ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ 2700 ਰੁਪਏ ਕੈਂਸਰ ਦੀ ਦਵਾਈ ਦੀ ਐੱਮ ਆਰ ਪੀ 27000 ਰੁਪਏ ਹੋਣ 'ਤੇ ਹੈਰਾਨੀ ਪ੍ਰਗਟ ਕਰਦਿਆਂ ਇਸ ਨੂੰ ਕੈਂਸਰ ਮਰੀਜ਼ਾਂ ਨਾਲ ਹੋ ਰਹੀ 'ਡਕੈਤੀ' ਦੱਸਿਆ ਹੈ। ਮੈਂ ਸੱਚਮੁੱਚ ਇਹ ਵਰਤਾਰਾ ਅੱਖੀਂ ਦੇਖ ਚੁੱਕਾ ਹਾਂ । ਮੈਂ ਪੀ ਜੀ ਆਈ ਚੰਡੀਗੜ੍ਹ ਤੋਂ ਆਪਣੀ ਕੈਂਸਰ ਦੀ ਬਿਮਾਰੀ ਦਾ ਇਲਾਜ ਕਰਵਾ ਰਿਹਾ ਹਾਂ। ਇਸ ਦੇ ਟੈਸਟ, ਦਵਾਈਆਂ, ਇੰਜੈਕਸ਼ਨ, ਥਰੈਪੀਆਂ ਆਦਿ ਮਹਿੰਗੀਆਂ ਹਨ। ਮੇਰੀ ਇਸ ਵਾਰ ਡੋਟਾਨੋਕ ਪੈੱਟ ਸੀ ਟੀ ਰਿਪੋਰਟ ਦੇਖਣ 'ਤੇ ਡਾਕਟਰ ਨੇ ਪਹਿਲਾਂ ਲੱਗ ਰਹੇ ਮਹੀਨਾਵਾਰ ਇੰਜ਼ੈਕਸ਼ਨ ਨੂੰ ਜਾਰੀ ਰੱਖਣ ਲਈ ਕਿਹਾ । ਮੇਰੇ ਨਾਲ ਆਏ ਦੋਸਤ ਮਾਸਟਰ ਗੁਰਮੇਲ ਸਿੰਘ ਨੂੰ ਮਾਰਕੀਟ 'ਚੋਂ ਇੱਕ ਵਿਸ਼ੇਸ਼ ਕੰਪਨੀ ਦਾ ਇੰਜੈਕਸ਼ਨ, ਜੋ ਕਿ ਕਰੀਬ ਸਾਢੇ ਅਠਾਰਾਂ ਹਜ਼ਾਰ ਦਾ ਮਿਲਦਾ, ਲਿਆਉਣ ਲਈ ਕਿਹਾ। ਉਹ ਅੰਦਾਜ਼ੇ ਨਾਲ ਦੱਸੀ ਦੁਕਾਨ ਦੇ ਨਾਲ ਦੀ ਦੁਕਾਨ ਤੋਂ 10999 ਰੁ: ਦਾ 23001 ਰੁ: ਡਿਸਕਾਊਂਟ ਵਾਲੇ ਬਿੱਲ ਨਾਲ ਹੋਰ ਕੰਪਨੀ ਦਾ ਲੈ ਆਇਆ । ਡਾਕਟਰ ਸਾਬ੍ਹ ਨੂੰ ਦਿਖਾਉਣ 'ਤੇ ਉਨ੍ਹਾਂ ਨੈੱਟ 'ਤੇ ਖੋਜ ਕਰ ਇਹ ਇੰਜੈਕਸ਼ਨ ਵਾਪਸ ਕਰ ਪਹਿਲੀ ਕੰਪਨੀ ਵਾਲਾ ਲਿਆਉਣ ਨੂੰ ਕਿਹਾ ਤਾਂ ਮੈਂ ਵੀ ਨਾਲ ਹੀ ਗੁਰਮੇਲ ਸਿੰਘ ਦੇ ਚਲਾ ਗਿਆ। ਦੁਕਾਨ 'ਤੇ ਜਾ ਇਹ ਇੰਜੈਕਸ਼ਨ ਬਦਲ ਕੇ ਦੂਜੀ ਕੰਪਨੀ ਦਾ ਦੇਣ ਲਈ ਕਿਹਾ ਤਾਂ ਉਨ੍ਹਾਂ ਉਸ ਕੰਪਨੀ ਦਾ ਵੀਹ ਹਜ਼ਾਰ ਤੋਂ ਕੁਝ ਉੱਪਰ ਹੀ ਰੇਟ ਦੱਸਿਆ। ਇਸ ਦੁਕਾਨ ਨੇ ਮੈਨੂੰ ਪਤਾ ਪਹਿਲਾਂ ਵੀ ਇੱਕ ਵਾਰ ਵੀਹ ਹਜ਼ਾਰ ਤੋਂ ਘੱਟ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਤਾਂ ਮੈਂ ਲਾਗਲੀ ਦੁਕਾਨ ਤੋਂ ਸਾਢੇ ਅਠਾਰਾਂ ਹਜ਼ਾਰ ਦਾ ਲਿਆ ਸੀ, ਕਿਉਂਕਿ ਮੇਰੇ ਕੋਲ ਉਨ੍ਹਾਂ ਦੀ ਦੁਕਾਨ ਦਾ ਪਿਛਲਾ ਬਿੱਲ ਇਸ ਰੇਟ ਦਾ ਸੀ। ਮੈਂ ਉਸੇ ਦੁਕਾਨ 'ਤੇ ਜਾ ਅਜੇ ਇੰਜੈਕਸ਼ਨ ਕਢਵਾ ਰਿਹਾ ਸੀ, ਉਦੋਂ ਹੀ ਗੁਰਮੇਲ ਸਿੰਘ ਦਾ ਫੋਨ ਆ ਗਿਆ ਕਿ ਉਸੇ ਰੇਟ 'ਤੇ ਮੰਨ ਗਏ, ਜਦੋਂ ਕਿ ਮੈਨੂੰ ਕਹਿ ਰਹੇ ਸੀ ਕਿ ਰੇਟ ਵੱਧ ਗਏ, ਹੁਣ ਨਹੀਂ ਮਿਲਣਾ। ਮੈਂ ਵਾਪਸ ਆ ਕੇ ਦੁਕਾਨਦਾਰ ਨੂੰ ਬਾਕੀ ਪੈਸੇ ਪੇ ਕਰ ਦਿੱਤੇ ਅਤੇ ਪਹਿਲੇ ਬਿਲ ਦੀ ਰਾਸ਼ੀ ਪੁੱਛੀ ਤਾਂ ਉਸ ਨੇ ਮੈਨੂੰ ਕਰਾਸ ਕਰ ਪਹਿਲਾ ਬਿੱਲ ਹੀ ਵਾਪਸ ਦੇ ਦਿੱਤਾ, ਜੋ ਮੈਂ ਸਬੂਤ ਵਜੋਂ ਰੱਖਣਾ ਚਾਹੁੰਦਾ ਹੀ ਸੀ । ਪਹਿਲੇ ਬਿਲ ਵਿੱਚ ਐਡਾ ਵੱਡਾ ਡਿਸਕਾਊਂਟ ਅਤੇ ਖੜ੍ਹੇ ਪੈਰ ਦੋ ਹਜ਼ਾਰ ਦੇ ਕਰੀਬ ਰੇਟ ਦੂਜੀ ਕੰਪਨੀ ਦਾ ਘਟਾਉਣ ਨੇ ਮੈਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਮਾਰਜਨ ਤਾਂ ਫਿਰ ਵੀ ਇਨ੍ਹਾਂ ਵਿੱਚ ਕਾਫੀ ਹੋਵੇਗਾ । ਆਮ ਬੰਦਾ ਇਸ ਤਰ੍ਹਾਂ ਰੇਟ ਘੱਟ ਕਰਨ ਨੂੰ ਨਹੀਂ ਕਹਿੰਦਾ । ਇਸੇ ਤਰ੍ਹਾਂ ਹੀ ਪਹਿਲਾਂ ਵੀ ਇੱਕ ਵਾਰ ਇਹੀ ਇੰਜੈਕਸ਼ਨ ਜੋ ਲੱਗ ਰਿਹਾ ਹੈ, ਜੋ ਮਾਰਕੀਟ 'ਚ ਉਸ ਸਮੇਂ ਸਤਾਰਾਂ-ਅਠਾਰਾਂ ਹਜ਼ਾਰ ਦੇ ਵਿੱਚ ਰੇਟ ਸੀ, ਪਰ ਉਸ ਸਮੇਂ ਉਸੇ ਕੰਪਨੀ ਦਾ ਬਾਈ ਹਜ਼ਾਰ ਰੇਟ ਦੱਸਿਆ ਗਿਆ ਸੀ । ਮੈਂ ਅਗਲੀ ਦੁਕਾਨ 'ਤੇ ਪੁੱਛਿਆ ਤਾਂ ਉਸ ਨੇ ਹੋਰ ਕੰਪਨੀ ਦਾ ਉਹੀ ਇੰਜੈਕਸ਼ਨ, ਜਿਸ ਉੱਪਰ ਰੇਟ ਚੌਤਾਲੀ ਹਜ਼ਾਰ ਤੋਂ ਉੱਪਰ ਪ੍ਰਿੰਟ ਸੀ, ਪਰ 9500 ਰੁਪਏ ਦਾ ਬਿਲ ਡਿਸਕਾਊਂਟ ਕਰਕੇ ਦਿੱਤਾ। ਉਸ ਸਮੇਂ ਡਾਕਟਰ ਨੂੰ ਦਿਖਾ ਉਹੀ ਇੰਜੈਕਸ਼ਨ ਲਗਵਾ ਲਿਆ, ਜੋ ਨਰਸ ਦੇ ਦੱਸਣ ਮੁਤਾਬਕ ਦਵਾਈ ਗਾੜ੍ਹੀ ਹੋਣ ਕਾਰਨ ਜਲਦੀ ਲਗਾਉਣਾ ਪੈਂਦਾ ਹੈ , ਕਈ ਵਾਰੀ ਦਿੱਕਤ ਆ ਜਾਂਦੀ ਹੈ । ਮੈਂ ਰੇਟ 'ਚ ਐਨੇ ਵੱਡੇ ਫਰਕ ਹੋਣ ਕਾਰਨ ਦੁਬਿਧਾ ਵਿੱਚ ਰਿਹਾ ਕਿ ਐਨੀ ਘੱਟ ਕੀਮਤ 'ਤੇ ਪਿਛਲੇ ਛੇ ਸਾਲਾਂ ਤੋਂ ਇਹ ਇੰਜੈਕਸ਼ਨ ਨਹੀਂ ਮਿਲਿਆ, ਹੋ ਸਕਦਾ ਦਵਾਈ ਦਾ ਮਿਆਰ ਸਹੀ ਨਹੀਂ ਹੋਣਾ।

ਇੱਕ ਵਾਰੀ ਪਹਿਲਾਂ ਵੀ ਮੇਰੇ ਮਹੀਨਾਵਾਰ ਲੱਗਣ ਵਾਲੇ ਇੰਜੈਕਸ਼ਨ ਨੂੰ ਜੋ ਕਿ ਹਫਤੇ ਬਾਅਦ ਆਉਣਾ ਬਣਦਾ ਸੀ, ਡਾਕਟਰ ਸਾਬ੍ਹ ਨੇ ਮੇਰੇ ਪਹਿਲਾਂ ਹੀ ਦੋ ਗੇੜ੍ਹੇ ਪੀ ਜੀ ਆਈ ਦੇ ਲੱਗਣ ਕਾਰਨ ਉਨ੍ਹਾਂ ਐਤਕੀਂ ਲੋਕਲ ਹਸਪਤਾਲ ਤੋਂ ਹੀ ਟੀਕਾ ਲਗਵਾਉਣ ਲਈ ਕਹਿ ਦਿੱਤਾ, ਪਰ ਇਹ ਟੀਕਾ ਨਾਭੇ ਤਾਂ ਮਿਲਣਾ ਨਹੀਂ ਸੀ, ਮੈਂ ਪਟਿਆਲਾ ਹਸਪਤਾਲ ਰੈਫਰ ਕਰਵਾ ਲਿਆ । ਪਟਿਆਲੇ ਇਹ ਟੀਕਾ ਉਂਝ ਨਾ ਮਿਲਿਆ, ਆਰਡਰ ਉੱਪਰ ਇੱਕ ਕੈਮਿਸਟ ਨਾਲ ਮੰਗਵਾਉਣ ਦੀ ਮੇਰੇ ਦੋਸਤ ਗੁਰਮੇਲ ਸਿੰਘ ਪਟਿਆਲਾ ਨੇ ਗੱਲ ਕਰ ਲਈ । ਟੀਕਾ ਆਉਣ ਦਾ ਕਨਫਰਮ ਕਰਕੇ ਮੈਂ ਪਟਿਆਲੇ ਚਲਾ ਗਿਆ। ਜਦੋਂ ਟੀਕੇ ਦੀ ਪੇਮੈਂਟ ਕੀਤੀ ਤਾਂ ਕੈਮਿਸਟ ਨੇ 17000 ਰੁਪਏ ਦਾ, ਜੋ ਉਸ ਸਮੇਂ ਚੰਡੀਗੜ੍ਹੋਂ ਮਿਲਦਾ ਸੀ, ਉਸ ਦਾ ਬਿੱਲ ਦੇ ਦਿੱਤਾ, ਜਿਸ ਦੀ ਕੰਪਨੀ ਉਹੀ ਸੀ । ਮੈਂ ਮਜਬੂਰ ਸੀ, ਪੇਮੈਂਟ ਕਰ ਦਿੱਤੀ,ਪਰ ਮੈਂ ਇਸ ਵੱਡੇ ਅੰਤਰ ਬਾਰੇ ਸੋਚ ਰਿਹਾਂ ਕਿ ਗਰੀਬ ਲੋਕਾਂ ਲਈ ਏਨਾ ਮਹਿੰਗਾ ਇਲਾਜ ਕਰਾਉਣਾ ਉਨ੍ਹਾ ਦੇ ਵੱਸ ਦੀ ਗੱਲ ਨਹੀਂ। ਰੇਟ 'ਚ ਇਹ ਵੱਡੇ ਫਰਕ ਤੋਂ ਇਲਾਵਾ ਕਮਿਸ਼ਨ ਵੀ ਤਾਂ ਵੱਖਰਾ ਹੋਵੇਗਾ । ਮਨਮਰਜ਼ੀ ਦੇ ਰੇਟ ਮਰੀਜ਼ਾਂ ਦੀ ਮਜਬੂਰੀ ਕਾਰਨ ਲੈਣੇ ਇਨ੍ਹਾਂ ਲੋਕਾਂ ਦੇ ਦਿਨਾਂ 'ਚ ਅਮੀਰ ਬਣਨ ਦੇ ਰਸਤੇ ਖੁੱਲ੍ਹੇ ਹੋਏ ਹਨ।

ਮੈਂ ਆਪ ਪੀ ਜੀ ਆਈ ਦਾ ਪੰਜ ਹਜ਼ਾਰ ਦਾ ਟੈਸਟ ਬਾਹਰੋਂ ਪ੍ਰਾਈਵੇਟ ਲੈਬਾਂ 'ਚ ਚਾਰ ਗੁਣਾ ਤੋਂ ਵੱਧ ਰੇਟ ਉੱਪਰ ਸ਼ੁਰੂ 'ਚ ਕਰਵਾਇਆ, ਜੋ ਕਿ ਇੱਕ ਪ੍ਰਾਈਵੇਟ ਹਸਪਤਾਲ ਦੇ ਡਾਕਟਰ ਵੱਲੋਂ ਲਿਖੇ ਗਏ ਸਨ, ਪਰ ਹੁਣ ਪਿਛਲੇ ਸਾਲ 2025 ਵਿੱਚ ਇਹੀ ਟੈਸਟ ਪੀ ਜੀ ਆਈ ਦਵਾਈ ਨਾ ਹੋ ਕਾਰਨ ਮੈਨੂੰ ਬਾਹਰੋਂ ਫਿਰ ਕਰਵਾਉਣੇ ਪੈ ਰਹੇ ਹਨ । ਇਨ੍ਹਾ ਸਾਰੀਆਂ ਗੱਲਾਂ ਨੇ ਮੈਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਦਵਾਈ ਖਰੀਦਦੇ ਸਮੇਂ ਪੂਰੀ ਪਰਖ ਕਰ ਕੇ ਲਵੋ । ਸਰਕਾਰ ਦਵਾਈਆਂ ਦੀਆਂ ਕੀਮਤਾਂ ਐਨੀਆਂ ਜ਼ਿਆਦਾ ਕੰਪਨੀਆਂ ਨੂੰ ਕਿਉਂ ਪ੍ਰਿੰਟ ਕਰਨ ਲਈ ਆਗਿਆ ਦੇ ਰਹੀ ਹੈ, ਜਦੋਂ ਕਿ ਭੋਲੇ ਭਾਲੇ ਮਰੀਜ਼ਾਂ ਦੀ ਅੰਨ੍ਹੀ ਲੁੱਟ ਇਸ ਕਰਕੇ ਹੀ ਹੋ ਰਹੀ ਹੈ । ਮਰੀਜ਼ ਨੂੰ ਸਮਝ ਨਹੀਂ ਆਉਂਦਾ ਕਿ ਦਵਾਈਆਂ ਦੇ ਰੇਟਾਂ ਬਾਰੇ ਕਿਵੇਂ ਪੜਤਾਲ ਕਰੇ ।

ਸੋ ਸਰਕਾਰ ਨੂੰ ਸਖਤੀ ਨਾਲ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਉੱਪਰ ਕੰਟਰੋਲ ਕਰਕੇ ਉਨ੍ਹਾਂ ਦੀ ਆਈ ਲਾਗਤ ਨਾਲੋਂ ਕਿੰਨਾ ਵੱਧ ਰੇਟ ਪ੍ਰਿੰਟ ਕਰਨਾ ਤਹਿ ਕਰਨ ਲਈ ਦਿਸ਼ਾ-ਨਿਰਦੇਸ਼ ਦੇਣੇ ਚਾਹੀਦੇ ਹਨ। ਜੇ ਕੋਈ ਇਸ ਦੀ ਉਲੰਘਣਾ ਕਰਦੀ ਹੈ ਤਾਂ ਉਸ ਦੀ ਮਾਨਤਾ/ਲਾਇਸੰਸ ਕੈਂਸਲ ਕਰ ਦੇਣਾ ਚਾਹੀਦਾ ਹੈ । ਰਾਜ ਸਰਕਾਰ ਨੂੰ ਵੀ ਇਸ ਵਿਸ਼ੇ ਵੱਲ ਗੰਭੀਰਤਾ ਨਾਲ ਲੈ ਕੇ ਦਵਾਈਆਂ ਅਤੇ ਹੋਰ ਡਾਕਟਰੀ ਸ਼ਾਜੋ-ਸਮਾਨ ਦੇ ਰੇਟਾਂ ਉੱਪਰ ਕੰਟਰੋਲ ਕਰਨ ਲਈ ਕਦਮ ਉਠਾਉਣੇ ਚਾਹੀਦੇ ਹਨ, ਜਿਸ ਉੱਪਰ ਕੋਈ ਖਰਚ ਨਹੀਂ ਆਉਂਦਾ ਤਾਂ ਜੋ ਸਿਹਤ ਸਹੂਲਤਾਂ ਨੂੰ ਹਰੇਕ ਦੀ ਪਹੁੰਚ ਤੱਕ ਆਸਾਨੀ ਨਾਲ ਪਹੁੰਚਾਇਆ ਜਾਵੇ।

**# ਸੰਪਰਕ : 94635-53962**

# ਸਿਆਸਤ, ਸਵਾਲ ਤੇ ਸੋਸ਼ਲ ਮੀਡੀਆ



ਗੁਰਨੈਬ ਸਿੰਘ ਮਘਾਣੀਆਂ

ਸਿਆਸਤ ਨੂੰ ਸਵਾਲ ਪਸੰਦ ਨਹੀਂ ਹੁੰਦੇ । ਸਿਆਸਤ ਨੂੰ ਸਿਰਫ਼ ਤਾੜੀਆਂ ਪਸੰਦ ਨੇ... ਸਿਰਫ ਆਪਣੇ ਹੱਕ 'ਚ ਲੱਗਦੇ ਨਾਅਰੇ ਪਸੰਦ ਨੇ...ਆਪਣੇ ਮਕਸਦ ਲਈ ਇਕੱਠੀ ਹੋਈ ਭੀੜ ਪਸੰਦ ਹੈ...ਕੈਮਰੇ ਪਸੰਦ ਨੇ...ਜ਼ਿੰਦਾਬਾਦ ਪਸੰਦ ਹੈ...ਚਾਪਲੂਸੀ ਪਸੰਦ ਹੈ। ਸਵਾਲ ! ਉਹ ਵੀ ਅਜਿਹਾ ਸਵਾਲ, ਜਿਸ ਦਾ ਜਵਾਬ ਦੇਣਾ ਪਵੇ...ਉਹ ਵੀ ਅਜਿਹਾ ਸਵਾਲ ਜਿਹੜਾ ਸਿਆਸਤ ਦੀ ਕਾਰਗੁਜ਼ਾਰੀ ਨੂੰ ਕਟਹਿਰੇ ਵਿਚ ਖੜ੍ਹਾ ਕਰਦਾ ਹੋਵੇ....ਉਹ ਵੀ ਅਜਿਹਾ ਸਵਾਲ ਜਿਹੜਾ ਉਹਨਾਂ ਦੀ ਕਹਿਣੀ-ਕਰਨੀ ਨੂੰ ਵੰਗਾਰ ਦਾ ਹੋਵੇ...ਅਜਿਹਾ ਸਵਾਲ ਸਿਆਸਤ ਲਈ ਅਕਸਰ ਸਭ ਤੋਂ ਕੌੜੀ ਘੁੱਟ ਹੁੰਦੀ ਹੈ...ਸਭ ਤੋਂ ਖਤਰਨਾਕ ਸਮਾਂ ਹੁੰਦਾ ਹੈ...ਬੁਖਲਾਹਟ 'ਚ ਦਿੱਤੇ ਬਿਆਨਾਂ ਦੀ ਕਿਰਕਿਰੀ ਚਾਸ਼ਣੀ ਹੁੰਦੀ ।

ਪਰ 'ਲੋਕਤੰਤਰ' ਦੀ ਅਸਲ ਤਾਕਤ ਸਿਰਫ਼ ਤਾੜੀਆਂ ਵਿੱਚ ਨਹੀਂ...ਸਿਰਫ਼ ਪਸੰਦੀਦਾ ਨਾਅਰਿਆ ਵਿਚ ਨਹੀਂ... ਸਿਰਫ਼ ਚਾਪਲੂਸੀ ਵਿਚ ਨਹੀਂ...ਸਗੋਂ ਸੋਚ ਦੇ ਮੱਥੇ 'ਤੇ ਉਕਰੇ ਸਵਾਲਾਂ ਵਿੱਚ ਹੁੰਦੀ ਹੈ...ਵਿਰੋਧ ਵਿਚ ਖੜੇ ਹੋਏ ਬਾਜੂਆਂ ਵਿੱਚ ਹੁੰਦੀ ਹੈ...ਤੇ ਸਾਹਮਣੇ ਖੜ ਅੱਖਾਂ ਵਿੱਚ ਅੱਖਾਂ ਪਾ ਕੇ ਕੀਤੀ ਗੱਲਬਾਤ ਵਿੱਚ ਹੁੰਦੀ ਹੈ।

ਅੱਜ ਪੰਜਾਬ ਸਮੇਤ ਪੂਰੇ ਦੇਸ਼ ਦਾ ਆਮ ਨਾਗਰਿਕ ਸਿਆਸਤ 'ਤੇ ਸਵਾਲ ਕਰ ਰਿਹਾ ਹੈ। ਅਵਾਮ ਪੁੱਛਦਾ ਹੈ ਕਿ ਰੁਜ਼ਗਾਰ ਕਿੱਥੇ ਹੈ? ਨਸ਼ੇ ਦਾ ਅੰਤ ਕਦੋਂ ਹੋਵੇਗਾ? ਕਿਸਾਨ ਦੀ ਆਮਦਨ ਅਤੇ ਖੇਤੀ ਦਾ ਭਵਿੱਖ ਕੀ ਹੈ? ਨੌਜਵਾਨ ਵਿਦੇਸ਼ ਜਾਣ ਲਈ ਕਿਉਂ ਮਜਬੂਰ ਹੋ ਰਿਹਾ ਹੈ? ਸਰਕਾਰੀ ਸਕੂਲਾਂ ਅਤੇ ਹਸਪਤਾਲਾਂ ਦੀ ਹਾਲਤ ਕਿੱਥੇ ਪਹੁੰਚੀ? ਮਹਿੰਗਾਈ ਦਾ ਬੋਝ ਕਿੰਨਾ ਹੋਰ ਝੱਲਣਾ ਪਵੇਗਾ? ਪਾਣੀ ਦਾ ਸੰਕਟ ਕਿੱਥੇ ਜਾ ਰਿਹਾ ਹੈ? ਚੋਣਾਂ ਵੇਲੇ ਕੀਤੇ ਵਾਅਦਿਆਂ ਵਿੱਚੋਂ ਕਿੰਨੇ ਪੂਰੇ ਹੋਏ? ਪੇਪਰ ਲੀਕ ਵਰਗੇ ਘੁਟਾਲਿਆਂ ਲਈ ਜ਼ਿੰਮੇਵਾਰੀ ਕਿਸ ਦੀ ਹੈ? ਵੋਟ ਚੋਰੀ ਵਰਗੇ ਅਣਲੋਕਤੰਤਰੀ ਵਰਤਾਰੇ ਕਿਉਂ ਵਾਪਰ ਰਹੇ ਹਨ ?

ਸਵਾਲ ਬਹੁਤ ਹਨ, ਪਰ ਜਵਾਬ? ਜੇ ਹਨ ਵੀ ਤਾਂ ਲੱਕੜ ਦੇ ਮੁੰਡੇ। ਗੋਲ-ਮੋਲ ਗੱਲਾਂ। ਜੁਮਲੇਬਾਜ਼ੀਆਂ । ਇੱਥੇ ਹੀ ਸਿਆਸਤ ਅਤੇ ਲੋਕਾਂ ਵਿਚਕਾਰ ਇੱਕ ਅਜੀਬ ਖ਼ਾਮੋਸ਼ੀ ਖੜ੍ਹੀ ਦਿਖਾਈ ਦਿੰਦੀ ਹੈ...ਇੱਥੇ ਹੀ ਲੋਕਤੰਤਰ ਦਾ ਥੰਮ੍ਹ ਲੜਖੜਾਉਂਦਾ ਨਜ਼ਰੀ ਪੈਂਦਾ ਹੈ...ਇੱਥੇ ਹੀ ਸਿਆਸਤ ਦੇ ਵਿਸ਼ਵਾਸ ਦੀਆਂ ਧੱਜੀਆਂ ਉੱਡਦੀਆਂ ਦਿਖਾਈ ਦਿੰਦੀਆਂ ਹਨ ਤੇ ਫਿਰ ਇਹਨਾਂ ਸਵਾਲਾਂ ਦੇ ਨਤੀਜੇ ਝੂਠੇ ਪਰਚੇ...ਲਾਠੀਚਾਰਜ... ਸਵਾਲ ਕਰਨ ਵਾਲਿਆਂ ਦੀਆਂ ਗ੍ਰਿਫਤਾਰੀਆਂ ...ਘੋਰ ਤਸ਼ੱਦਦ ਦੇ ਰੂਪ ਵਿਚ ਸਾਹਮਣੇ ਆਉਂਦੇ ਹਨ ।

ਕਈ ਵਾਰ ਸਵਾਲ ਸਿੱਧਾ ਹੁੰਦਾ ਹੈ, ਪਰ ਜਵਾਬ ਘੁੰਮਿਆ ਹੋਇਆ। ਕਈ ਵਾਰ ਪੁੱਛਿਆ ਜਾਂਦਾ ਹੈ— ਇਹ ਕੰਮ ਕਿਉਂ ਨਹੀਂ ਹੋਇਆ? ਜਵਾਬ ਆਉਂਦਾ ਹੈ—ਪਿਛਲੀ ਸਰਕਾਰ ਨੇ ਕੀ ਕੀਤਾ ਸੀ? ਕੋਈ ਪੁੱਛਦਾ ਹੈ—ਤੁਹਾਡਾ ਵਾਅਦਾ ਕਿੱਥੇ ਪਹੁੰਚਿਆ? ਜਵਾਬ ਮਿਲਦਾ ਹੈ— ਅਸੀਂ ਪਿਛਲਿਆਂ ਨਾਲੋਂ ਬਹੁਤ ਵਧੀਆ ਹਾਂ। ਕੋਈ ਪੁੱਛਦਾ ਹੈ— ਅੰਕੜੇ ਕੀ ਕਹਿੰਦੇ ਹਨ? ਤਾਂ ਗੱਲ ਕਿਸੇ ਹੋਰ ਮੁੱਦੇ ਵੱਲ ਮੋੜ ਦਿੱਤੀ ਜਾਂਦੀ ਹੈ। ਕੁੱਲ ਮਿਲ ਕੇ ਸਵਾਲ ਦਾ ਗਲਾ ਘੁੱਟਣ ਦੀ ਹਰ ਸੰਭਵ ਕੋਸ਼ਿਸ ਕੀਤੀ ਜਾਂਦੀ ਹੈ, ਪਰ ਇਸ ਤਰ੍ਹਾਂ ਸਵਾਲ ਮਰਦਾ ਨਹੀਂ, ਸਗੋਂ ਚੁੱਪ ਦੇ ਵਿਚੋਂ ਹੋਰ ਸੈਂਕੜੇ ਸਵਾਲ ਲੈ ਕੇ ਫਿਰ ਦਹਾੜ ਮਾਰਦਿਆਂ ਖੜਾ ਹੋ ਜਾਂਦਾ ਹੈ।

ਕਦੇ ਸਿਆਸਤ ਸਵਾਲ ਨੂੰ ਵਿਰੋਧੀ ਧਿਰ ਦੀ ਸਾਜ਼ਿਸ਼ ਦੱਸ ਦਿੰਦੀ ਹੈ। ਕਦੇ ਸਵਾਲ ਪੁੱਛਣ ਵਾਲੇ ਨੂੰ ਕਿਸੇ ਪਾਰਟੀ ਦਾ ਬੰਦਾ ਬਣਾ ਦਿੱਤਾ ਜਾਂਦਾ ਹੈ। ਕਦੇ ਉਸ ਦੀ ਨੀਅਤ ਉਤੇ ਸ਼ੱਕ ਕੀਤਾ ਜਾਂਦਾ ਹੈ। ਦਰਅਸਲ ਸਵਾਲ ਦਾ ਜੁਆਬ ਦੇਣ ਦੀ ਬਜਾਏ ਹੋਰ ਸਭ ਕੁਝ ਕਰ ਦਿੱਤਾ ਜਾਂਦਾ ਹੈ, ਪਰ ਸਵਾਲ ਤੋਂ ਭੱਜਣ ਦੀ ਹਰ ਸੰਭਵ ਕੋਸ਼ਿਸ ਕੀਤੀ ਜਾਂਦੀ ਹੈ।

ਅੱਜ ਸੋਸ਼ਲ ਮੀਡੀਆ ਨੇ ਸਿਆਸਤ ਦੀ ਪੁਰਾਣੀ ਬਣਤਰ ਨੂੰ ਪੂਰੀ ਤਰ੍ਹਾਂ ਹਿਲਾ ਕਿ ਰੱਖ ਦਿੱਤਾ ਹੈ।ਪਹਿਲਾਂ ਸਵਾਲ ਨੂੰ ਲੋਕਾਂ ਤੱਕ ਪਹੁੰਚਣ ਲਈ ਅਖ਼ਬਾਰ ਦੇ ਸੰਪਾਦਕ, ਟੈਲੀਵਿਜ਼ਨ ਚੈਨਲ ਜਾਂ ਕਿਸੇ ਵੱਡੇ ਮੰਚ ਦੀ ਲੋੜ ਹੁੰਦੀ ਸੀ। ਹੁਣ ਇੱਕ ਆਮ ਮਨੁੱਖ ਆਪਣਾ ਮੋਬਾਇਲ ਚੁੱਕਦਾ ਹੈ, ਕੈਮਰਾ ਚਲਾਉਂਦਾ ਹੈ ਅਤੇ ਪੁੱਛ ਲੈਂਦਾ ਹੈ—ਜਵਾਬ ਦਿਓ। ਉਸ ਦੀ ਵੀਡੀਓ ਕੁਝ ਘੰਟਿਆਂ ਵਿੱਚ ਹਜ਼ਾਰਾਂ ਲੋਕਾਂ ਤੱਕ ਪਹੁੰਚ ਜਾਂਦੀ ਹੈ।ਇੱਥੋਂ ਸਿਆਸਤ ਲਈ ਨਵੀਂ ਮੁਸ਼ਕਲ ਸ਼ੁਰੂ ਹੁੰਦੀ ਹੈ, ਕਿਉਂਕਿ ਹੁਣ ਲੋਕ ਸਿਰਫ਼ ਸਿਆਸਤਦਾਨਾਂ ਦੀਆਂ ਗੱਲਾਂ ਨਹੀਂ ਸੁਣਦੇ, ਉਹ ਉਨ੍ਹਾਂ ਦੀਆਂ ਪੁਰਾਣੀਆਂ ਗੱਲਾਂ ਸੰਭਾਲ ਕੇ ਵੀ ਰੱਖਦੇ ਹਨ । ਪੰਜ ਸਾਲ ਪਹਿਲਾਂ ਕੀਤਾ ਵਾਅਦਾ ਅੱਜ ਮੁੜ ਸਾਹਮਣੇ ਆ ਸਕਦਾ ਹੈ। ਚੋਣਾਂ ਤੋਂ ਪਹਿਲਾਂ ਦਿੱਤਾ ਬਿਆਨ ਚੋਣਾਂ ਤੋਂ ਬਾਅਦ ਮੁੜ ਚੱਲ ਸਕਦਾ ਹੈ। ਪੁਰਾਣੀ ਵੀਡੀਓਜ਼ ਨਵੇਂ ਸਵਾਲਾਂ ਨਾਲ ਜੁੜ ਸਕਦੀਆਂ ਹਨ ।ਸੋਸ਼ਲ ਮੀਡੀਆ ਨੇ ਸਿਆਸਤ ਨੂੰ ਇੱਕ ਅਜਿਹੀ ਜਨਤਕ ਯਾਦ ਦੇ ਦਿੱਤੀ ਹੈ, ਜਿਸ ਨੂੰ ਮਿਟਾਉਣਾ ਸੌਖਾ ਨਹੀਂ। ਇਸ ਨਾਲ ਸਿਆਸਤ ਦੇ ਤੌਰ-ਤਰੀਕੇ ਬਦਲ ਰਹੇ ਹਨ । ਸਿਆਸਤ ਦੀਆਂ ਚੁਣੌਤੀਆਂ ਵੱਡੀਆਂ ਹੁੰਦੀਆਂ ਜਾ ਰਹੀਆਂ ਹਨ। ਸੰਕੀਰਨ ਸਿਆਸਤ ਦੀਆਂ ਚਲਾਕੀਆਂ ਸਭਨਾਂ ਦੇ ਸਾਹਮਣੇ ਆ ਰਹੀਆਂ ਨੇ।

ਪਰ ਇਸ ਮਾਧਿਅਮ ਦੀ ਆਪਣੀ ਤ੍ਰਾਸਦੀ ਵੀ ਹੈ।ਸਵਾਲਾਂ ਦੀ ਗਿਣਤੀ ਵਧੀ ਹੈ, ਪਰ ਸ਼ੋਰ ਵੀ ਵਧਿਆ ਹੈ।ਇੱਕ ਸੱਚੇ ਸਵਾਲ ਦੇ ਨਾਲ ਝੂਠੀਆਂ ਅਫਵਾਹਾਂ ਵੀ ਦੌੜਦੀਆਂ ਹਨ। ਤੱਥਾਂ ਦੇ ਨਾਲ ਖਿਲਵਾੜ ਵੀ ਹੁੰਦਾ ਹੈ। ਵਿਚਾਰ ਦੇ ਨਾਲ ਗਾਲ੍ਹ ਵੀ ਆ ਜਾਂਦੀ ਹੈ। ਵਿਰੋਧ ਦੇ ਨਾਲ ਨਫ਼ਰਤ ਵੀ ਜੁੜ ਜਾਂਦੀ ਹੈ। ਇਸ ਲਈ ਸੋਸ਼ਲ ਮੀਡੀਆ ਦਾ ਹਰ ਸਵਾਲ ਲੋਕਤੰਤਰਿਕ ਸਵਾਲ ਨਹੀਂ ਹੁੰਦਾ । ਸਵਾਲ ਦੀ ਤਾਕਤ ਉਸ ਦੇ ਤੱਥ ਵਿੱਚ ਹੈ, ਉਸ ਦੀ ਤਿੱਖੀ ਭਾਸ਼ਾ ਵਿੱਚ ਨਹੀਂ, ਉਸ ਦੇ ਅੰਕੜਿਆਂ ਵਿਚ ਹੈ, ਸਿਰਫ ਵਿਰੋਧ ਕਰਨ ਵਿਚ ਨਹੀਂ, ਉਸ ਦੇ ਤਰਕ ਵਿਚ ਹੈ, ਸਿਰਫ ਇਲਜ਼ਾਮ ਲਾਉਣ ਤੱਕ ਨਹੀਂ ।

ਇਸ ਦੇ ਬਾਵਜੂਦ ਇੱਕ ਗੱਲ ਸਾਫ਼ ਹੈ—ਹੁਣ ਲੋਕ ਸਿਰਫ਼ ਸੁਣਨਾ ਨਹੀਂ ਚਾਹੁੰਦੇ, ਉਹ ਪੁੱਛਣਾ ਚਾਹੁੰਦੇ ਹਨ ਅਤੇ ਇਹ ਬਦਲਾਅ ਮਹੱਤਵਪੂਰਨ ਹੈ, ਕਿਉਂਕਿ ਸਿਆਸਤ ਦਾ ਸੁਭਾਅ ਹੀ ਇਹ ਹੈ ਕਿ ਜਦੋਂ ਤੱਕ ਲੋਕ ਚੁੱਪ ਰਹਿੰਦੇ ਹਨ, ਸੱਤਾ ਆਪਣੇ ਕੰਮ ਨੂੰ ਆਪਣੀ ਭਾਸ਼ਾ ਵਿੱਚ ਪਰਿਭਾਸ਼ਿਤ ਕਰਦੀ ਰਹਿੰਦੀ ਹੈ। ਜਦੋਂ ਲੋਕ ਪੁੱਛਣਾ ਸ਼ੁਰੂ ਕਰਦੇ ਹਨ, ਤਾਂ ਸੱਤਾ ਨੂੰ ਆਪਣਾ ਕੰਮ ਲੋਕਾਂ ਦੀ ਭਾਸ਼ਾ ਵਿੱਚ ਸਮਝਾਉਣਾ ਪੈਂਦਾ ਹੈ।ਇਸ ਲਈ ਸਵਾਲ ਸਿਆਸਤ ਦਾ ਦੁਸ਼ਮਣ ਨਹੀਂ, ਸਵਾਲ ਸਿਆਸਤ ਦਾ ਸ਼ੀਸ਼ਾ ਹੈ।ਸ਼ੀਸ਼ਾ ਇਹ ਨਹੀਂ ਕਹਿੰਦਾ ਕਿ ਚਿਹਰਾ ਸੋਹਣਾ ਹੈ ਜਾਂ ਨਹੀਂ। ਉਹ ਸਿਰਫ਼ ਚਿਹਰਾ ਦਿਖਾਉਂਦਾ ਹੈ। ਇਸੇ ਤਰ੍ਹਾਂ ਸਵਾਲ ਇਹ ਨਹੀਂ ਤੈਅ ਕਰਦਾ ਕਿ ਸਰਕਾਰ ਚੰਗੀ ਹੈ ਜਾਂ ਮਾੜੀ। ਉਹ ਸਿਰਫ਼ ਇਹ ਪੁੱਛਦਾ ਹੈ ਕਿ ਜੋ ਕਿਹਾ ਗਿਆ ਸੀ, ਉਹ ਹੋਇਆ ਜਾਂ ਨਹੀਂ।

ਨੌਜਵਾਨ ਅੱਜ ਵੀ ਰੁਜ਼ਗਾਰ ਪੁੱਛੇਗਾ...ਕਿਸਾਨ ਆਪਣੀ ਫ਼ਸਲ ਦੀ ਕੀਮਤ ਪੁੱਛੇਗਾ...ਮਾਪੇ ਆਪਣੇ ਬੱਚਿਆਂ ਦਾ ਭਵਿੱਖ ਪੁੱਛਣਗੇ...ਮਰੀਜ਼ ਇਲਾਜ ਪੁੱਛੇਗਾ...ਨਾਗਰਿਕ ਸੁਰੱਖਿਆ ਪੁੱਛੇਗਾ...ਅਤੇ ਅੱਜਕੱਲ੍ਹ ਵੋਟਰ ਪੰਜ ਸਾਲ ਬਾਅਦ ਨਹੀਂ, ਹਰ ਰੋਜ਼ ਪੁੱਛੇਗਾ— ਤੁਸੀਂ ਜੋ ਕਿਹਾ ਸੀ, ਉਸ ਦਾ ਕੀ ਬਣਿਆ? ਸ਼ਾਇਦ ਇਹੀ ਸੋਸ਼ਲ ਮੀਡੀਆ ਦੀ ਸਭ ਤੋਂ ਵੱਡੀ ਸਿਆਸੀ ਤਬਦੀਲੀ ਹੈ। ਇਸ ਨੇ ਲੋਕਾਂ ਨੂੰ ਮੰਚ ਨਹੀਂ ਦਿੱਤਾ, ਸਗੋਂ ਮੰਚ ਤੱਕ ਪਹੁੰਚਣ ਦੀ ਲੋੜ ਘਟਾ ਦਿੱਤੀ ਹੈ।ਹੁਣ ਸਿਆਸਤਦਾਨ ਦੇ ਸਾਹਮਣੇ ਸਿਰਫ਼ ਪੱਤਰਕਾਰ ਨਹੀਂ ਖੜ੍ਹਾ, ਇੱਕ ਅਧਿਆਪਕ ਵੀ ਖੜ੍ਹਾ ਹੈ।ਇੱਕ ਕਿਸਾਨ ਖੜ੍ਹਾ ਹੈ।ਇੱਕ ਵਿਦਿਆਰਥੀ ਖੜ੍ਹਾ ਹੈ।ਇੱਕ ਬੇਰੁਜ਼ਗਾਰ ਨੌਜਵਾਨ ...ਇੱਕ ਆਮ ਘਰ ਦੀ ਔਰਤ...ਅਤੇ ਜੋ ਵੀ ਖੜ੍ਹਾ ਹੈ, ਹਰ ਕਿਸੇ ਦੇ ਹੱਥ ਵਿਚ ਸੋਸ਼ਲ ਮੀਡੀਆ ਹੈ।

ਇਸ ਲਈ ਆਉਣ ਵਾਲੀ ਸਿਆਸਤ ਦੀ ਸਭ ਤੋਂ ਵੱਡੀ ਕਸੌਟੀ ਸ਼ਾਇਦ ਭਾਸ਼ਣ ਦੇਣ ਦੀ ਸਮਰੱਥਾ ਨਹੀਂ ਹੋਵੇਗੀ। ਕਸੌਟੀ ਇਹ ਹੋਵੇਗੀ ਕਿ ਉਹ ਸਵਾਲ ਸੁਣ ਕੇ ਕਿੰਨੀ ਦੇਰ ਚੁੱਪ ਰਹਿ ਸਕਦੀ ਹੈ ਅਤੇ ਕਿੰਨੀ ਦੇਰ ਬਾਅਦ ਜਵਾਬ ਦੇਣਾ ਪੈਂਦਾ ਹੈ, ਕਿਉਂਕਿ ਸਵਾਲ ਨੂੰ ਹਮੇਸ਼ਾ ਲਈ ਦਬਾਇਆ ਨਹੀਂ ਜਾ ਸਕਦਾ।ਉਹ ਕਦੇ ਪੋਸਟ ਬਣ ਕੇ ਆਵੇਗਾ...ਕਦੇ ਵੀਡੀਓ ਬਣ ਕੇ...ਕਦੇ ਕੁਮੈਂਟ ਬਣ ਕੇ...ਕਦੇ ਕਿਸੇ ਨੌਜਵਾਨ ਦੀ ਅੱਖ ਵਿੱਚ...ਕਦੇ ਕਿਸੇ ਕਿਸਾਨ ਦੀ ਚਿੰਤਾ ਵਿੱਚ...ਕਦੇ ਕਿਸੇ ਮਾਂ ਦੀ ਉਮੀਦ ਵਿੱਚ ਅਤੇ ਕਦੇ ਲੋਕਾਂ ਦੇ ਦਿਲ ਵਿੱਚ ਵੋਟ ਬਣ ਕੇ।

**ਸਿਆਸਤ ਕੋਲ ਜੇਕਰ ਨਾਗਰਿਕ ਦੀ ਵੋਟ ਲੈਣ ਦਾ ਹੱਕ ਹੈ, ਤਾਂ ਸਵਾਲਾਂ ਦੇ ਜਵਾਬ ਦੇਣ ਦੀ ਜ਼ਿੰਮੇਵਾਰੀ ਵੀ ਹੈ।ਲੋਕਾਂ ਨੂੰ ਚੁੱਪ ਕਰਵਾਉਣ ਨਾਲ ਸਵਾਲ ਖ਼ਤਮ ਨਹੀਂ ਹੁੰਦੇ। ਸਵਾਲਾਂ ਦੇ ਜਵਾਬ ਦੇਣ ਨਾਲ ਹੀ ਸਿਆਸਤ ਜਵਾਬਦੇਹ ਬਣਦੀ ਹੈ।ਅੱਜ ਸੋਸ਼ਲ ਮੀਡੀਆ 'ਤੇ ਲੱਖਾਂ ਆਵਾਜ਼ਾਂ ਹਨ। ਇਨ੍ਹਾਂ ਵਿੱਚੋਂ ਹਰ ਆਵਾਜ਼ ਸਹੀ ਹੋਵੇ, ਇਹ ਜ਼ਰੂਰੀ ਨਹੀਂ, ਪਰ ਹਰ ਆਵਾਜ਼ ਨੂੰ ਗ਼ਲਤ ਕਹਿ ਦੇਣਾ ਵੀ ਸਿਆਸਤ ਲਈ ਕੋਈ ਤਰੀਕਾ ਨਹੀਂ।**

**# ਸੰਪਰਕ : 98158-45405**

# ਐੱਸ ਆਈ ਆਰ ਦੇ ਵਿਰੋਧ 'ਚ ਪ੍ਰਦਰਸ਼ਨ ਕਰ ਰਹੇ ਲੋਕਾਂ 'ਤੇ ਦਮਨ ਬੰਦ ਕਰੋ : ਜਮਹੂਰੀ ਅਧਿਕਾਰ ਸਭਾ



**ਲੁਧਿਆਣਾ (ਸਤੀਸ਼ ਸਚਦੇਵਾ)**-ਪਿਛਲੇ ਦੋ ਦਿਨਾਂ ਤੋਂ ਦਿੱਲੀ ਜੰਤਰ-ਮੰਤਰ 'ਤੇ ਸੀ ਜੇ ਪੀ, ਵਿਦਿਆਰਥੀਆਂ ਦੀ ਜਥੇਬੰਦੀਆਂ ਤੇ ਕਾਂਗਰਸ, ਖੱਬੇ-ਪੱਖੀ ਪਾਰਟੀਆਂ ਸਮੇਤ ਹੋਰ ਰਾਜਨੀਤਕ ਪਾਰਟੀਆਂ ਦੁਆਰਾ ਦਿੱਤੇ ਗਏ ਵਿਰੋਧ ਪ੍ਰਦਰਸ਼ਨ ਦੇ ਸੱਦੇ ਨੂੰ ਕੇਂਦਰ ਸਰਕਾਰ ਦੁਆਰਾ ਬੇਰਹਿਮੀ ਨਾਲ ਦਮਨ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਸਮੁੱਚੀ ਦਿੱਲੀ ਨੂੰ ਪੁਲਿਸ ਛਾਉਣੀ ਵਿਚ ਤਬਦੀਲ ਕਰਕੇ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਹਜ਼ਾਰਾਂ ਲੋਕਾਂ ਨੂੰ ਘਰਾਂ ਵਿੱਚ, ਰਸਤੇ ਵਿੱਚ ਤੇ ਸੜਕਾਂ 'ਤੇ ਗਿਰਫ਼ਤਾਰ ਕਰ ਕੇ ਸੰਵਿਧਾਨਕ ਅਧਿਕਾਰਾਂ ਦੀ ਅਵਹੇਲਨਾ ਕੀਤੀ ਹੈ, ਜਿਸ ਦੀ ਜਮਹੂਰੀ ਅਧਿਕਾਰ ਸਭਾ ਪੰਜਾਬ ਵੱਲੋਂ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਸਭਾ ਦੀਆਂ ਵੱਖ ਵੱਖ ਇਕਾਈਆਂ ਨੂੰ ਸਮੁੱਚੀਆਂ ਲੋਕ ਪੱਖੀ ਜਨਤਕ ਅਤੇ ਜਮਹੂਰੀ ਜਥੇਬੰਦੀਆਂ ਨਾਲ ਮਿਲ ਕੇ ਸੰਘਰਸ਼ ਕਰਨ ਦਾ ਸੱਦਾ ਦਿੱਤਾ ਹੈ।ਲੁਧਿਆਣਾ ਵਿਖੇ ਬੀਬੀ ਅਮਰ ਕੌਰ ਯਾਦਗਾਰੀ ਮੀਟਿੰਗ ਹਾਲ ਵਿੱਚ ਸਭਾ ਦੀ ਸੂਬਾ ਕਮੇਟੀ ਨੇ ਪ੍ਰੋਫ਼ੈਸਰ ਜਗਮੋਹਣ ਸਿੰਘ ਦੀ ਅਗਵਾਈ ਹੇਠ ਮੀਟਿੰਗ ਕਰਕੇ ਇਸ ਸਮੁੱਚੇ ਲੋਕ ਵਿਰੋਧੀ ਵਰਤਾਰੇ ਦਾ ਵਿਸ਼ਲੇਸ਼ਣ ਕੀਤਾ, ਜਿਸ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਪ੍ਰਿਤਪਾਲ ਸਿੰਘ ਜਰਨਲ ਸਕੱਤਰ, ਅਮਰਜੀਤ ਸ਼ਾਸਤਰੀ ਪ੍ਰੈੱਸ ਸਕੱਤਰ ਨੇ ਦੱਸਿਆ ਕਿ, ਵੋਟਰ ਨਾਮਾਂਕਣ ਪ੍ਰਕਿਰਿਆ ਦੌਰਾਨ, ਦੂਜੇ ਚੋਣ ਕਮਿਸ਼ਨਰਾਂ ਨਾਲ ਮਤਭੇਦਾਂ ਦੇ ਬਾਵਜੂਦ, ਮੁੱਖ ਚੋਣ ਕਮਿਸ਼ਨਰ ਨੇ ਦੇ ਇੱਕਪਾਸੜ ਕਾਰਵਾਈ ਦੁਆਰਾ 13 ਕਰੋੜ ਤੋਂ ਵੱਧ ਵੋਟਰਾਂ ਨੂੰ ਵੋਟਰ ਸੂਚੀ ਵਿੱਚੋਂ ਹਟਾ ਦਿੱਤਾ ਸੀ।ਇਹ ਲਹਿਰ ਮੁੱਖ ਚੋਣ ਕਮਿਸ਼ਨਰ ਅਤੇ ਹੋਰ ਚੋਣ ਕਮਿਸ਼ਨਰਾਂ (ਨਿਯੁਕਤੀ, ਸੇਵਾ ਦੀਆਂ ਸ਼ਰਤਾਂ ਤੇ ਅਹੁਦੇ ਦੀ ਮਿਆਦ) ਐਕਟ 2023 ਦੇ ਤਹਿਤ ਚੋਣ ਕਮਿਸ਼ਨ ਦੇ ਗਠਨ 'ਤੇ ਸਵਾਲ ਉਠਾਉਂਦਾ ਹੈ, ਜਿਸ ਨੇ ਸੱਤਾਧਾਰੀ ਸਰਕਾਰ ਨੂੰ ਚੋਣ ਕਮਿਸ਼ਨਰਾਂ ਦੀ ਚੋਣ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਬਹੁਮਤ ਲੈ ਲਿਆ ਸੀ।ਇਸ ਸਰਕਾਰੀ ਮਨਮਰਜ਼ੀ ਦੇ ਨਾਲ ਇਹ 2023 ਐਕਟ ਦੀ ਧਾਰਾ 16 ਦੇ ਨਾਲ, ਜੋ ਮੁੱਖ ਚੋਣ ਕਮਿਸ਼ਨਰ ਤੇ ਚੋਣ ਕਮਿਸ਼ਨਰਾਂ ਨੂੰ ਉਨ੍ਹਾਂ ਦੇ ਅਧਿਕਾਰਤ ਫਰਜ਼ ਨਿਭਾਉਂਦੇ ਸਮੇਂ ਕੀਤੇ ਗਏ ਕਿਸੇ ਵੀ ਕਾਰਵਾਈ ਲਈ ਸਿਵਲ ਜਾਂ ਅਪਰਾਧਿਕ ਕਾਰਵਾਈਆਂ ਤੋਂ ਕਾਨੂੰਨੀ ਛੋਟ ਵੀ ਪ੍ਰਦਾਨ ਕਰਦਾ ਹੈ।ਇਸ ਲਈ, ਦੇਸ਼ ਭਰ ਵਿੱਚ, ਕਾਰਕੁੰਨ ਤੇ ਲੋਕਤੰਤਰ-ਪ੍ਰੇਮੀ ਲੋਕ ਇਸ ਐਕਟ ਨੂੰ ਰੱਦ ਕਰਨ ਦੀ ਮੰਗ ਕਰ ਰਹੇ ਹਨ, ਸਭਾ ਵੱਲੋਂ ਵੋਟਾਂ ਕੱਟਣ ਦੇ ਲੋਕ ਵਿਰੋਧੀ ਵਰਤਾਰੇ ਨੂੰ ਆਉਣ ਵਾਲੇ ਸਮੇਂ ਵਿੱਚ ਨੈਸ਼ਨਲ ਰਜਿਸਟ੍ਰੇਸ਼ਨ ਸਿਟੀਜਨਸ਼ਿਪ ਨਾਲ ਜੋੜਦਿਆਂ ਵੋਟਰ ਸੂਚੀ ਵਿੱਚ ਸ਼ਾਮਲ ਨਾ ਹੋਣ ਵਾਲੇ ਲੋਕਾਂ ਨੂੰ ਦੋ ਨੰਬਰ ਦੇ ਸ਼ਹਿਰੀ ਘੋਸ਼ਿਤ ਕਰਨ ਦੀ ਕੋਝੀ ਚਾਲ ਗਰਦਾਨਿਆ ਹੈ। ਸਭਾ ਸਰਕਾਰ ਤੋਂ ਮੰਗ ਕਰਦੀ ਹੈ ਕਿ ਉਹ ਹਿਰਾਸਤ ਵਿੱਚ ਲਏ ਗਏ ਪ੍ਰਦਰਸ਼ਨਕਾਰੀਆਂ, ਸਾਰੇ ਕਾਰਕੁਨਾਂ ਤੇ ਪੱਤਰਕਾਰਾਂ ਨੂੰ ਤੁਰੰਤ ਰਿਹਾਅ ਕਰੇ।ਸਭਾ ਦਿੱਲੀ ਪੁਲਸ ਵੱਲੋਂ ਬਜਰੰਗ ਦਲ ਨੂੰ ਨਾ ਰੋਕਣ ਦੀ ਕਾਰਵਾਈ ਦੀ ਵੀ ਸਖ਼ਤ ਨਿੰਦਾ ਕਰਦੀ ਹੈ।ਬਜਰੰਗ ਦਲ ਨੂੰ ਪ੍ਰਦਰਸ਼ਨਕਾਰੀਆਂ ਦਾ ਮੁਕਾਬਲਾ ਕਰਨ ਲਈ ਖੁੱਲ੍ਹੇਆਮ ਕੰਮ ਕਰਨ ਦਿੱਤਾ ਗਿਆ ਔਰਤ ਅੰਦੋਲਨਕਾਰੀ ਦੀ ਇਸਮਤ 'ਤੇ ਹਮਲਾ ਕਰ ਦਿੱਤਾ, ਇਸ ਲਈ ਸਰਕਾਰ ਨੂੰ ਜਵਾਬਦੇਹੀ ਦੀ ਦੇਣੀ ਹੋਵੇਗੀ।ਸ਼ਾਂਤਮਈ ਪ੍ਰਦਰਸ਼ਨਕਾਰੀਆਂ ਲਈ ਖਤਰਾ ਪੈਦਾ ਕੀਤਾ ਗਿਆ ਹੈ, ਇਸ ਦੀ ਜਵਾਬਦੇਹੀ ਵੀ ਸਰਕਾਰੀ ਅਮਲੇ ਨੂੰ ਦੇਣੀ ਹੋਏਗੀ।ਪ੍ਰਦਰਸ਼ਨਕਾਰੀਆਂ ਵਿਰੁੱਧ ਬਦਲਾਖੋਰੀ ਵਾਲੀ ਕਾਰਵਾਈ ਬੰਦ ਕੀਤੀ ਜਾਵੇ।ਇਕੱਠੇ ਹੋਣ ਤੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਰੋਕਣ ਲਈ ਬੀਐੱਨ ਐੱਸ ਐੱਸ ਦੀ ਧਾਰਾ 163 ਦੀ ਦੁਰਵਰਤੋਂ ਬੰਦ ਕੀਤੀ ਜਾਵੇ।2023 ਦੇ ਐਕਟ ਨੂੰ ਰੱਦ ਕੀਤਾ ਜਾਵੇ ਤੇ ਸੀ.ਈ.ਸੀ. ਵਿਰੁੱਧ ਮਹਾਂ-ਦੋਸ਼ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇ।

## ਭਾਰਤੀ ਹਾਕੀ ਕਪਤਾਨ ਹਰਮਨਪ੍ਰੀਤ ਸਿੰਘ ਦਾ ਸਨਮਾਨ



**ਬਰਨਾਲਾ (ਆਨੰਦ ਸਿੰਘ)**-ਭਾਰਤੀ ਹਾਕੀ ਕਪਤਾਨ ਹਰਮਨਪ੍ਰੀਤ ਸਿੰਘ ਦੀ ਆਮਦ ਮੌਕੇ ਬਰਨਾਲਾ ਦੇ ਡਿਪਟੀ ਕਮਿਸ਼ਨਰ ਸ੍ਰੀ ਹਰਪ੍ਰੀਤ ਸਿੰਘ ਵੱਲੋਂ ਭਾਰਤੀ ਹਾਕੀ ਕਪਤਾਨ ਨੂੰ ਜ਼ਿਲਾ ਪ੍ਰਸ਼ਾਸਨ ਵੱਲੋਂ ਸਨਮਾਨਤ ਕੀਤਾ ਗਿਆ।ਸਨਮਾਨ ਵਿੱਚ ਸ਼ਾਲ ਤੇ ਪੁਸਤਕਾਂ ਦਾ ਸੈੱਟ ਭੇਟ ਕੀਤਾ ਗਿਆ।

ਡਿਪਟੀ ਕਮਿਸ਼ਨਰ ਸ੍ਰੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਬਰਨਾਲਾ ਜ਼ਿਲ੍ਹੇ ਲਈ ਮਾਣ ਵਾਲੀ ਗੱਲ ਹੈ ਕਿ ਭਾਰਤੀ ਹਾਕੀ ਕਪਤਾਨ ਹਰਮਨਪ੍ਰੀਤ ਸਿੰਘ ਹਾਲ ਹੀ ਵਿੱਚ ਜਪਾਨ ਵਿਖੇ ਏਸ਼ਿਆਈ ਖੇਡਾਂ ਵਿੱਚ ਭਾਰਤੀ ਟੀਮ ਨੂੰ ਸੋਨ ਤਮਗਾ ਜਿਤਾਉਣ ਤੋਂ ਬਾਅਦ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਆਪਣੇ ਘਰ ਪਰਤਣ ਤੋਂ ਬਾਅਦ ਕਿਸੇ ਸਮਾਗਮ ਵਿੱਚ ਹਿੱਸਾ ਲੈਣ ਲਈ ਬਰਨਾਲਾ ਆਏ।ਉਨ੍ਹਾਂ ਕਿਹਾ ਕਿ ਹਰਮਨਪ੍ਰੀਤ ਸਿੰਘ ਉੱਪਰ ਸਮੁੱਚੇ ਦੇਸ਼ ਨੂੰ ਮਾਣ ਹੈ, ਜੋ ਭਾਰਤ ਦੇ ਪਹਿਲੇ ਕਪਤਾਨ ਹਨ ਜਿਨ੍ਹਾਂ ਆਪਣੀ ਕਪਤਾਨੀ ਹੇਠ ਭਾਰਤ ਨੂੰ ਦੋ ਵਾਰ ਏਸ਼ਿਆਈ ਖੇਡਾਂ ਵਿੱਚ ਸੋਨ ਤਮਗਾ ਜਿਤਾਇਆ।ਇਸ ਵਾਰ ਏਸ਼ਿਆਈ ਖੇਡਾਂ ਵਿੱਚ ਹਰਮਨਪ੍ਰੀਤ ਸਿੰਘ 12 ਗੋਲਾਂ ਨਾਲ ਟਾਪ ਸਕੋਰਰ ਵੀ ਰਿਹਾ।ਹਰਮਨਪ੍ਰੀਤ ਸਿੰਘ ਨੇ ਆਪਣੇ ਇਕ ਦਹਾਕਾ ਸ਼ਾਨਾਮੱਤੇ ਕਰੀਅਰ ਦੌਰਾਨ ਦੋ ਵਾਰ ਓਲੰਪਿਕ ਖੇਡਾਂ ਵਿੱਚ ਕਾਂਸੀ ਦਾ ਤਮਗਾ ਜਿੱਤਿਆ ਹੈ।ਭਾਰਤ ਨੂੰ ਓਲੰਪਿਕਸ ਦੇ ਹਾਕੀ ਮੁਕਾਬਲਿਆਂ ਵਿੱਚ ਇਹ ਸਨਮਾਨ 52 ਸਾਲਾਂ ਬਾਅਦ ਮਿਲਿਆ।ਭਾਰਤੀ ਹਾਕੀ ਕਪਤਾਨ ਹਰਮਨਪ੍ਰੀਤ ਸਿੰਘ ਨੇ ਜ਼ਿਲਾ ਪ੍ਰਸ਼ਾਸਨ ਦਾ ਇਸ ਸਨਮਾਨ ਲਈ ਧੰਨਵਾਦ ਕਰਦਿਆਂ ਸਮੂਹ ਸੂਬਾ ਵਾਸੀਆਂ ਨੂੰ ਇਸ ਮਹੀਨੇ ਦੀ 27 ਅਕਤੂਬਰ ਨੂੰ ਜਲੰਧਰ ਵਿਖੇ ਸ਼ੁਰੂ ਹੋ ਰਹੀ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ ਵਿੱਚ ਹੁੰਮ-ਹੁੰਮਾ ਕੇ ਪੁੱਜਣ ਦਾ ਸੱਦਾ ਦਿੱਤਾ।

# ਆਰੀਅਨਜ਼ ਗਰੁੱਪ ਦੇ ਅਲਾਇੰਡ ਹੈਲਥ ਵਿਭਾਗ ਵੱਲੋਂ ਫਰੈਸ਼ਰਜ਼ ਪਾਰਟੀ



**ਰਾਜਪੁਰਾ (ਰਮੇਸ਼ ਕਟਾਰੀਆ)**

ਆਰੀਅਨਜ਼ ਗਰੁੱਪ ਆਫ਼ ਕਾਲਜਿਜ਼ ਰਾਜਪੁਰਾ ਨੇੜੇ ਚੰਡੀਗੜ੍ਹ ਸਥਿਤ ਨੇ ਕਾਲਜ ਦੇ ਆਡੀਟੋਰੀਅਮ ਵਿੱਚ 'ਅਲਾਇੰਡ ਐਂਡ ਹੈਲਥਕੇਅਰ ਵਿਭਾਗ' ਦੇ ਵਿਦਿਆਰਥੀਆਂ ਲਈ 'ਰੂਬਰੂ 26-ਮੀਟ, ਕਨੈਕਟ, ਬਿਲੌਂਗ' ਨਾਮਕ ਫਰੈਸ਼ਰਜ਼ ਪਾਰਟੀ ਦਾ ਆਯੋਜਨ ਕੀਤਾ।

ਆਰੀਅਨਜ਼ ਗਰੁੱਪ ਆਫ਼ ਕਾਲਜਿਜ਼ ਦੇ ਚੇਅਰਮੈਨ ਡਾ. ਅੰਸ਼ੂ ਕਟਾਰੀਆ ਨੇ ਨਵੇਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਆਰੀਅਨਜ਼ ਹਮੇਸ਼ਾ ਇੱਕ ਅਜਿਹਾ ਸਮਾਵੇਸ਼ੀ ਕੈਂਪਸ ਬਣਾਉਣ ਵਿੱਚ ਵਿਸ਼ਵਾਸ ਰੱਖਦਾ ਹੈ, ਜਿੱਥੇ ਵੱਖ-ਵੱਖ ਰਾਜਾਂ, ਸੱਭਿਆਚਾਰਾਂ ਤੇ ਪਿਛੋਕੜਾਂ ਦੇ ਵਿਦਿਆਰਥੀ ਇਕੱਠੇ ਸਿੱਖਦੇ ਤੇ ਅੱਗੇ ਵਧਦੇ ਹਨ।ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਸਿਰਫ਼ ਜਸ਼ਨ ਨਹੀਂ ਹੁੰਦੇ, ਇਹ ਨਵੇਂ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ ਪੈਦਾ ਕਰਨ, ਆਪਣੇ ਸਾਥੀਆਂ ਨਾਲ ਜੁੜਨ ਤੇ ਆਪਸੀ ਸਾਂਝ ਜਾਂ 'ਆਪਣੇਪਣ' ਦੀ ਭਾਵਨਾ ਵਿਕਸਿਤ ਕਰਨ ਵਿੱਚ ਮਦਦ ਕਰਦੇ ਹਨ।ਸਾਡੇ ਵਿਦਿਆਰਥੀਆਂ ਦੀ ਵਿਭਿੰਨਤਾ ਆਰੀਅਨਜ਼ ਦੀਆਂ ਸਭ ਤੋਂ ਵੱਡੀਆਂ ਤਾਕਤਾਂ ਵਿੱਚੋਂ ਇੱਕ ਹੈ।ਇਸ ਸਮਾਗਮ ਦਾ ਮੁੱਖ ਆਕਰਸ਼ਣ ਤਾਜਪੋਸ਼ੀ ਸਮਾਰੋਹ ਸੀ, ਜਿਸ ਵਿੱਚ ਕਸ਼ਮੀਰ ਦੇ ਆਪਟੋਮੈਟਰੀ ਵਿਭਾਗ ਦੇ ਫੈਸਲ ਨੂੰ 'ਮਿਸਟਰ ਫਰੈਸ਼ਰ' ਤੇ ਆਂਧਰਾ ਪ੍ਰਦੇਸ਼ ਦੇ ਆਪਟੋਮੈਟਰੀ ਵਿਭਾਗ ਦੀ ਗੋਕੀਆ ਨੂੰ 'ਮਿਸ ਫਰੈਸ਼ਰ' ਚੁਣਿਆ ਗਿਆ।

ਪ੍ਰਤਿਭਾ ਵਰਗ ਵਿੱਚ ਦਿੱਲੀ ਦੇ ਏ.ਓ.ਟੀ.ਟੀ. ਵਿਭਾਗ ਦੇ ਮੋਕਸ਼ ਨੇ 'ਮਿਸਟਰ ਟੈਲੇਂਟਿਡ' ਦਾ ਖਿਤਾਬ ਜਿੱਤਿਆ, ਜਦਕਿ ਝਾਰਖੰਡ ਦੀ ਏ.ਓ.ਟੀ.ਟੀ. ਵਿਦਿਆਰਥਣ ਹਿਮਾਨੀ ਨੂੰ 'ਮਿਸ ਟੈਲੇਂਟਿਡ' ਐਲਾਨਿਆ ਗਿਆ।ਉੱਤਰ ਪ੍ਰਦੇਸ਼ ਦੇ ਆਰ.ਆਈ.ਟੀ. ਦੇ ਅਨਿਕਤ ਨੇ 'ਮਿਸਟਰ ਬੈਸਟ ਅਟਾਇਰ' (ਵਧੀਆ ਪਹਿਰਾਵੇ) ਦਾ ਖਿਤਾਬ ਜਿੱਤਿਆ, ਜਦਕਿ ਉੱਤਰ ਪ੍ਰਦੇਸ਼ ਦੀ ਓ.ਟੀ.ਟੀ. ਦੇ ਪਹਿਲੇ ਸਾਲ ਦੀ ਵਿਦਿਆਰਥਣ ਆਸਥਾ ਨੂੰ 'ਮਿਸ ਬੈਸਟ ਅਟਾਇਰ' ਚੁਣਿਆ ਗਿਆ।ਸ਼ਖਸੀਅਤ ਵਰਗ ਵਿੱਚ ਕਸ਼ਮੀਰ ਦੇ ਆਪਟੋਮੈਟਰੀ ਵਿਭਾਗ ਦੇ ਅਦਨਾਨ ਨੂੰ 'ਮਿਸਟਰ ਪਰਸਨੈਲਿਟੀ' ਚੁਣਿਆ ਗਿਆ ਤੇ ਅਰੁਣਾਚਲ ਪ੍ਰਦੇਸ਼ ਦੇ ਆਪਟੋਮੈਟਰੀ ਵਿਭਾਗ ਦੀ ਬੋਨੀ ਸਾਰਾ ਨੇ 'ਮਿਸ ਪਰਸਨੈਲਿਟੀ' ਦਾ ਖਿਤਾਬ ਜਿੱਤਿਆ।

ਇਸ ਸਮਾਗਮ ਵਿੱਚ ਜੋਸ਼ੀਲੇ ਨਾਚ ਤੇ ਸੰਗੀਤਕ ਪੇਸ਼ਕਾਰੀਆਂ, ਆਪਸੀ ਗੱਲਬਾਤ ਵਾਲੀਆਂ ਗਤੀਵਿਧੀਆਂ ਤੇ ਵਿਦਿਆਰਥੀਆਂ ਦੀ ਉਤਸ਼ਾਹਪੂਰਵਕ ਸ਼ਮੂਲੀਅਤ ਦੇਖਣ ਨੂੰ ਮਿਲੀ।ਇਸ ਸਮਾਗਮ ਨੇ 'ਆਰੀਅਨਜ਼' ਦੀ ਬਹੁ-ਸੱਭਿਆਚਾਰਕ ਭਾਵਨਾ ਨੂੰ ਦਰਸਾਇਆ ਤੇ ਵੱਖ-ਵੱਖ ਰਾਜਾਂ ਦੇ ਨੌਜਵਾਨਾਂ ਨੂੰ ਇੱਕ ਸਾਂਝੇ ਮੰਚ 'ਤੇ ਇਕੱਠਾ ਕੀਤਾ।

## ਕਾਤਰਾਂ

### ਸਮਾਜਿਕ ਚੇਤਨਾ ਸਮਾਰੋਹ ਭਲਕੇ



**ਧੂਰੀ (ਸੁਖਦੇਵ ਧੂਰੀ)**-ਸੂਬਾ ਪੱਧਰੀ ਸਮਾਜ ਸੇਵੀ ਜਥੇਬੰਦੀ 'ਸਭੋ ਸਾਂਝੀਵਾਲ ਸੰਸਥਾ' (ਰਜਿ:) ਵੱਲੋਂ ਆਪਣੇ ਸਮਾਗਮਾਂ ਦੀ ਲੜੀ ਨੂੰ ਅੱਗੇ ਤੋਰਦਿਆਂ 14 ਅਕਤੂਬਰ ਨੂੰ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ 12 ਵਜੇ ਸਮਾਜਿਕ ਚੇਤਨਾ ਦਿਵਸ ਮਨਾਇਆ ਜਾ ਰਿਹਾ ਹੈ, ਜਿਹੜਾ ਸੰਸਥਾ ਦੇ ਬਾਨੀ ਮੈਂਬਰਾਂ ਵਿੱਚੋਂ ਇੱਕ ਤੇ ਮੌਜੂਦਾ ਜਨਰਲ ਸਕੱਤਰ ਮੂਲ ਚੰਦ ਸ਼ਰਮਾ ਦੇ ਜਨਮ ਦਿਹਾੜੇ ਨੂੰ ਸਮਰਪਤ ਹੋਵੇਗਾ।ਸੂਬਾ ਜਨਰਲ ਸਕੱਤਰ ਮੂਲ ਚੰਦ ਸ਼ਰਮਾ ਤੇ ਜ਼ਿਲ੍ਹਾ ਕਨਵੀਨਰ ਗੁਰੀ ਚੰਦੜ ਨੇ ਦੱਸਿਆ ਕਿ ਨਿਊ ਸੀਨੀਅਰ ਸਿਟੀਜਨ ਵੈੱਲਫੇਅਰ ਐਸੋਸੀਏਸ਼ਨ, ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਤੇ ਪੰਜਾਬੀ ਸਾਹਿਤ ਸਭਾ ਦੇ ਸਹਿਯੋਗ ਨਾਲ ਕਰਾਏ ਜਾ ਰਹੇ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਸਕੂਲ ਦੇ ਪ੍ਰਿੰਸੀਪਲ ਅਵਤਾਰ ਸਿੰਘ ਢਢੋਗਲ, ਲੈਕਚਰਾਰ ਰਾਮ ਚੰਦ ਸ਼ਰਮਾ ਤੇ ਸੰਸਥਾ ਦੀ ਪ੍ਰਧਾਨ ਬੱਬਲਜੀਤ ਕੌਰ ਮੋਗਾ ਸ਼ਾਮਲ ਹੋਣਗੇ।

### ਸੁਖਦੇਵ ਸਿੰਘ ਢੱਲਾ ਨਮਿਤ ਭੋਗ ਤੇ ਅੰਤਮ ਅਰਦਾਸ ਅੱਜ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਪੱਤਰਕਾਰ ਸੋਨੀ ਢੱਲਾ ਤੇ ਹੈਪੀ ਢੱਲਾ ਪ੍ਰਧਾਨ ਸਵਰਨਕਾਰ ਸੰਘ ਦੇ ਪਿਤਾ ਸੁਖਦੇਵ ਸਿੰਘ ਢੱਲਾ (ਉਮਰ 85) ਦਾ ਅਚਾਨਕ ਦਿਹਾਂਤ ਹੋ ਗਿਆ।ਇਸ ਦੁੱਖ ਦੀ ਘੜੀ ਵਿੱਚ ਢੱਲਾ ਪਰਵਾਰ ਨਾਲ ਗਿੱਦੜਬਾਹਾ ਦੀਆਂ ਧਾਰਮਿਕ, ਸਮਾਜਿਕ ਤੇ ਰਾਜਨੀਤਕ ਪਾਰਟੀਆਂ ਦੇ ਆਗੂਆਂ ਤੋਂ ਇਲਾਵਾ ਸ੍ਰੀ ਮੁਕਤਸਰ ਸਾਹਿਬ, ਮਲੋਟ, ਲੰਬੀ, ਦੋਦਾ ਅਤੇ ਗਿੱਦੜਬਾਹਾ ਦੇ ਸਮੂਹ ਪੱਤਰਕਾਰ ਭਾਈਚਾਰੇ ਤੇ ਸਵਰਨਕਾਰ ਸੰਘ ਨੇ ਦੁੱਖ ਸਾਂਝਾ ਕੀਤਾ।ਸਵ. ਸੁਖਦੇਵ ਸਿੰਘ ਢੱਲਾ ਨਮਿਤ ਰੱਖੇ ਗਏ ਸਹਿਜ ਪਾਠ ਦੇ ਭੋਗ ਤੇ ਅੰਤਿਮ ਅਰਦਾਸ 13 ਅਕਤੂਬਰ ਨੂੰ ਗੁਰਦੁਆਰਾ ਗੁਰੂ ਅਮਰਦਾਸ ਜੀ (ਮੰਡੀ ਵਾਲਾ ਗੁਰਦੁਆਰਾ ਸਾਹਿਬ) ਵਿਖੇ ਪਾਏ ਜਾਣਗੇ।

### ਸੇਵਾ ਕੇਂਦਰ ਮੁਲਾਜ਼ਮ ਯੂਨੀਅਨ ਵੱਲੋਂ ਸਰਕਾਰ ਨੂੰ ਅਲਟੀਮੇਟਮ

**ਮਾਨਸਾ (ਆਤਮਾ ਸਿੰਘ ਪਮਾਰ)**-ਸੇਵਾ ਕੇਂਦਰ ਮੁਲਾਜ਼ਮ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ ਦੌਰਾਨ ਪੰਜਾਬ ਸਰਕਾਰ ਨੂੰ ਸਖ਼ਤ ਚਿਤਾਵਨੀ ਦੇ ਦਿੱਤੀ ਗਈ ਹੈ।ਯੂਨੀਅਨ ਆਗੂਆਂ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਸਰਕਾਰ ਨੇ ਅੱਜ ਦੇ ਪ੍ਰਦਰਸ਼ਨ ਤੋਂ ਬਾਅਦ ਵੀ ਮੁਲਾਜ਼ਮਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੇ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਮਸਲਿਆਂ ਦਾ ਹੱਲ ਨਾ ਕੀਤਾ, ਤਾਂ ਆਉਣ ਵਾਲੇ ਸਮੇਂ 'ਚ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।ਆਗੂਆਂ ਨੇ ਐਲਾਨ ਕੀਤਾ ਹੈ ਕਿ ਜੇਕਰ ਸਰਕਾਰ ਨੇ ਜਲਦ ਗੱਲਬਾਤ ਰਾਹੀਂ ਮਸਲੇ ਨਾ ਸੁਲਝਾਏ, ਤਾਂ ਪੂਰੇ ਪੰਜਾਬ 'ਚ ਇੱਕ ਵਿਸ਼ਾਲ ਮਹਾਂਰੈਲੀ ਕੀਤੀ ਜਾਵੇਗੀ।ਮਹਾਂਰੈਲੀ ਦੌਰਾਨ ਸਮੂਹ ਸੇਵਾ ਕੇਂਦਰ ਅਪ੍ਰੇਟਰ ਤੇ ਮੁਲਾਜ਼ਮ ਮਿਲ ਕੇ ਇਹ ਸਹੁੰ ਚੁੱਕ ਸਮਾਗਮ ਕਰਨਗੇ ਕਿ ਮੌਜੂਦਾ 'ਆਪ' ਸਰਕਾਰ ਵੱਲੋਂ ਮੁਲਾਜ਼ਮ ਵਿਰੋਧੀ ਨੀਤੀਆਂ ਜਾਰੀ ਰੱਖਣ ਕਾਰਨ ਆਉਣ ਵਾਲੇ ਸਮੇਂ 'ਚ ਉਨ੍ਹਾਂ ਨੂੰ ਕੋਈ ਵੋਟ ਨਹੀਂ ਪਾਈ ਜਾਵੇਗੀ।

# ਅਕਾਲੀ ਦਲ ਵਾਰਿਸ ਪੰਜਾਬ ਦੇ ਉਮੀਦਵਾਰ ਰਾਜਵੰਤ ਕੌਰ ਵੱਲੋਂ ਚੋਣ ਪ੍ਰਚਾਰ ਸ਼ੁਰੂ



**ਸਨੌਰ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਵਿਧਾਨ ਸਭਾ ਹਲਕਾ ਸਨੌਰ ਤੋਂ ਸ਼੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਸੀਨੀਅਰ ਆਗੂ ਤੇ ਪਾਰਟੀ ਮਹਿਲਾ ਵਿੰਗ ਦੇ ਸੂਬਾ ਮੀਤ ਪ੍ਰਧਾਨ. ਬੀਬੀ ਰਾਜਵੰਤ ਕੌਰ ਘੜਾਮ ਨੂੰ ਉਨ੍ਹਾਂ ਦੀਆਂ ਪਾਰਟੀ ਪ੍ਰਤੀ ਨਿਭਾਈਆਂ ਜਾ ਰਹੀਆਂ ਸੇਵਾਵਾਂ ਨੂੰ ਦੇਖਦੇ ਹੋਏ ਹਲਕਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਬੀਬੀ ਰਾਜਵੰਤ ਕੌਰ ਦੀ ਬਤੌਰ ਹਲਕਾ ਇੰਚਾਰਜ ਵੱਲੋਂ ਹੋਈ ਨਿਯੁਕਤੀਤੋਂ ਬਾਅਦ ਆਪਣਾ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਇਸ ਸਮੇਂ ਵੱਡੇ ਕਾਫਲੇ ਦੇ ਨਾਲ ਉਹਨਾਂ ਨੇ ਗੁਰੂ ਘਰ ਜਾ ਗੁਰੂ ਦਾ ਅਸ਼ੀਰਵਾਦ ਲੈਣ ਤੋਂ ਬਾਅਦ ਆਪਣੇ ਜੱਦੀ ਪਿੰਡ ਘੜਾਮ ਤੋਂ ਸ਼ੁਰੂ ਕੀਤਾ ਗਿਆ। ਇਸ ਸਮੇਂ ਵੱਡੀ ਗਿਣਤੀ 'ਚ ਉਨ੍ਹਾਂ ਦੇ ਸਮਰਥਕ ਨਾਲ ਸਨ। ਹਲਕੇ ਅੰਦਰ ਹਲਕਾ ਵਾਸੀਆਂ ਵੱਲੋਂ ਉਨ੍ਹਾਂ ਦਾ ਭਰਵਾਂ ਸਵਾਗਤ ਕਰਦੇ ਹੋਏ ਖੁਸ਼ੀ ਦਾ ਇਜ਼ਹਾਰ ਕੀਤਾ। ਬੀਬੀ ਰਾਜਵੰਤ ਕੌਰ ਵੱਲੋਂ ਬਤੌਰ ਹਲਕਾ ਸਨੌਰ ਦੇ ਇੰਚਾਰਜ ਲਗਾਉਣ ਲਈ ਬਾਪੂ ਤਰਸੇਮ ਸਿੰਘ ਮਨਪ੍ਰੀਤ ਸਿੰਘ ਇਆਲੀ ਤੇ ਸਮੂਹ ਪਾਰਟੀ ਆਗੂਆਂ ਅਤੇ ਵਰਕਾਰਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਕਿਹਾ ਹੈ ਕਿ ਉਹ ਪਾਰਟੀ ਵੱਲੋਂ ਕੀਤੇ ਵਿਸ਼ਵਾਸ 'ਤੇ ਖ਼ਰਾ ਉਤਰੇਗੀ ਤੇ ਪੂਰੀ ਇਮਾਨਦਾਰੀ ਨਾਲ ਹਲਕੇ ਦੇ ਲੋਕਾਂ ਦੀ ਸੇਵਾ ਕਰੇਗੀ। ਬੀਬੀ ਰਾਜਵੰਤ ਕੌਰ ਤੇ ਉਨ੍ਹਾਂ ਦੇ ਪਤੀ ਅਤੇ ਪਾਰਟੀ ਦੇ ਸੀਨੀਅਰ ਆਗੂ ਸਰਬਜੀਤ ਸਿੰਘ ਘੜਾਮ ਵੱਲੋਂ ਹਲਕੇ ਦੀ ਅਗਵਾਈ ਕਰਦੇ ਹੋਏ ਪਿਛਲੇ ਲੰਮੇ ਸਮੇਂ ਸ਼੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਇਆ ਜਾ ਰਿਹਾ ਹੈ। ਸੀਨੀਅਰ ਆਗੂ ਸਰਬਜੀਤ ਸਿੰਘ ਘੜਾਮ, ਦੀਦਾਰ ਸਿੰਘ ਸੰਧੂ, ਕੁਲਦੀਪ ਸਿੰਘ ਘੜਾਮ, ਕੈਪਟਨ ਸਿੰਘ ਨੰਦਗੜ੍ਹ, ਪ੍ਰਕਾਸ਼ ਸਿੰਘ ਬਾਦਲ ਚੂਹਟ, ਕੈਪਟਨ ਸਿੰਘ ਨੰਦਗੜ੍ਹ, ਮਨਜਿੰਦਰ ਸਿੰਘ ਜਲਾਹ ਖੇੜੀ, ਜਸਵੀਰ ਸਿੰਘ ਜਲਾਹਖੇੜੀ ਤੋਂ ਇਲਾਵਾ ਹੋਰ ਬਹੁਤ ਸਾਰੇ ਆਗੂਆਂ ਤੇ ਵਰਕਰਾਂ ਵੱਲੋਂ ਬੀਬਾ ਰਾਜਵੰਤ ਕੌਰ ਦੀ ਨਿਯੁਕਤੀ ਦਾ ਭਰਵਾਂ ਸਵਾਗਤ ਤੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ।

## ਮੀਂਹ ਨਾਲ ਤਬਾਹ ਹੋਈਆਂ ਫਸਲਾਂ ਦਾ ਮੁਆਵਜ਼ਾ ਦੇਵੇ ਸਰਕਾਰ : ਕੁੱਲ ਹਿੰਦ ਕਿਸਾਨ ਮਹਾਂ ਸਭਾ

**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ 'ਚ ਪਏ ਬੇਮੌਸਮੇ ਮੀਂਹ ਤੇ ਭਾਰੀ ਗੜੇਮਾਰੀ ਕਾਰਨ ਕਿਸਾਨਾਂ ਦੀਆਂ ਫਸਲਾਂ ਦੇ ਹੋਏ ਵੱਡੇ ਨੁਕਸਾਨ 'ਤੇ ਗੰਭੀਰ ਚਿੰਤਾ ਪ੍ਰਗਟਾਉਂਦਿਆਂ ਕੁੱਲ ਹਿੰਦ ਕਿਸਾਨ ਮਹਾਂ ਸਭਾ ਨੇ ਸਰਕਾਰ ਤੋਂ ਪ੍ਰਭਾਵਿਤ ਕਿਸਾਨਾਂ ਨੂੰ ਤੁਰੰਤ 100 ਫੀਸਦੀ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ। ?ਇੱਕ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਕੇਂਦਰੀ ਕਮੇਟੀ ਮੈਂਬਰ ਰੁਲਦੂ ਸਿੰਘ ਮਾਨਸਾ, ਗੁਰਨਾਮ ਸਿੰਘ ਭੀਖੀ, ਗੁਰਜੰਟ ਸਿੰਘ ਮਾਨਸਾ, ਅਮਰੀਕ ਸਿੰਘ ਫਫੜੇ ਭਾਈ ਕੇ, ਗੋਰਾ ਸਿੰਘ ਭੈਣੀ ਬਾਘਾ ਤੇ ਨਰਿੰਦਰ ਕੌਰ ਬੁਰਜ ਹਮੀਰਾ ਨੇ ਕਿਹਾ ਕਿ ਅਚਾਨਕ ਬਦਲੇ ਮੌਸਮ, ਤੇਜ਼ ਮੀਂਹ ਤੇ ਗੜੇਮਾਰੀ ਨੇ ਖੇਤਾਂ 'ਚ ਪੱਕ ਕੇ ਤਿਆਰ ਖੜ੍ਹੀ ਝੋਨੇ ਦੀ ਫਸਲ ਵਿਛਾ ਕੇ ਰੱਖ ਦਿੱਤੀ ਹੈ।ਇਸ ਨਾਲ ਜਿੱਥੇ ਝੋਨੇ ਦੇ ਝਾੜ ਵਿੱਚ ਵੱਡੀ ਗਿਰਾਵਟ ਆਵੇਗੀ, ਉੱਥੇ ਹੀ ਵਾਢੀ ਤੇ ਸਾਂਭ-ਸੰਭਾਲ 'ਤੇ ਕਿਸਾਨਾਂ ਦਾ ਲਾਗਤ ਖਰਚਾ ਵੀ ਕਾਫ਼ੀ ਵਧ ਜਾਵੇਗਾ।ਕਿਸਾਨ ਆਗੂਆਂ ਨੇ ਦੱਸਿਆ ਕਿ ਮੰਡੀਆਂ 'ਚ ਪੁੱਜਿਆ ਝੋਨਾ ਭਿੱਜਣ ਕਾਰਨ ਸੁਕਾਉਣ ਲਈ ਜ਼ਿਆਦਾ ਸਮਾਂ ਲੱਗ ਰਿਹਾ ਹੈ, ਜਿਸ ਨਾਲ ਮੰਡੀਆਂ 'ਚ ਕਿਸਾਨਾਂ ਦੀ ਖੱਜਲ-ਖੁਆਰੀ ਵਧ ਰਹੀ ਹੈ। ਹਵਾ ਵਿੱਚ ਨਮੀ ਦੀ ਮਾਤਰਾ ਵਧਣ ਕਾਰਨ ਫਸਲ ਜਲਦੀ ਨਹੀਂ ਸੁੱਕ ਰਹੀ ਤੇ ਬਾਰਿਸ਼ ਕਾਰਨ ਝੋਨੇ ਦੇ ਰੰਗ ਵਿੱਚ ਆਈ ਤਬਦੀਲੀ ਦਾ ਖਰੀਦ ਸਮੇਂ ਕਿਸਾਨਾਂ ਨੂੰ ਖਾਮਿਆਜ਼ਾ ਭੁਗਤਣਾ ਪੈ ਸਕਦਾ ਹੈ।ਇਸ ਲਈ ਸਰਕਾਰ ਤੁਰੰਤ ਖਰੀਦ ਨਿਯਮਾਂ ਵਿੱਚ ਛੋਟ ਦਿੰਦੇ ਹੋਏ 22 ਫੀਸਦੀ ਨਮੀ 'ਤੇ ਝੋਨੇ ਦੀ ਸਰਕਾਰੀ ਖਰੀਦ ਸੁਚਾਰੂ ਢੰਗ ਨਾਲ ਸ਼ੁਰੂ ਕਰਵਾਏ ਤੇ ਮੁਆਵਜ਼ਾ ਰਾਸ਼ੀ ਜਾਰੀ ਕਰੇ।ਕਿਸਾਨ ਪਹਿਲਾਂ ਹੀ ਮੰਦਹਾਲੀ ਦੇ ਦੌਰ ਵਿੱਚੋਂ ਗੁਜ਼ਰ ਰਹੇ ਹਨ, ਅਜਿਹੇ ਸਮੇਂ ਵਿੱਚ ਸਰਕਾਰੀ ਅਣਗਹਿਲੀ ਕਿਸਾਨੀ ਨੂੰ ਹੋਰ ਬਰਬਾਦੀ ਵੱਲ ਧੱਕੇਗੀ।ਜੇਕਰ ਸਰਕਾਰ ਨੇ ਤੁਰੰਤ ਵਿਸ਼ੇਸ਼ ਗਿਰਦਾਵਰੀ ਕਰਵਾ ਕੇ 100 ਫੀਸਦੀ ਮੁਆਵਜ਼ਾ ਰਾਸ਼ੀ ਜਾਰੀ ਨਾ ਕੀਤੀ ਤੇ ਮੰਡੀਆਂ 'ਚ ਹੀ ਸਰਕਾਰ ਖ਼ਿਲਾਫ਼ ਸੰਘਰਸ਼ ਵਿੱਢਿਆ ਜਾਵੇਗਾ।

# ਮੰਗਾਂ ਸੰਬੰਧੀ 21 ਤੇ 22 ਦੀ ਸਮੂਹਿਕ ਛੁੱਟੀ ਲੈਣਗੇ ਅਧਿਆਪਕ

**ਸਾਰੀਆਂ ਮੰਗਾਂ ਪੂਰੀਆਂ ਹੋਣ ਤੱਕ ਸੰਘਰਸ਼ ਜਾਰੀ ਰਹੇਗਾ : ਡੀ ਟੀ ਐਫ਼**



**ਮੋਗਾ/ਮਾਨਸਾ, (ਇਕਬਾਲ ਸਿੰਘ ਖਹਿਰਾ/ਆਤਮਾ ਸਿੰਘ ਪਮਾਰ)**-ਪੰਜਾਬ ਸਰਕਾਰ ਦੇ ਖਿਲਾਫ ਚੱਲ ਰਹੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਇਤਿਹਾਸਿਕ ਅੰਦੋਲਨ ਦੀ ਅਗਲੀ ਕੜੀ ਵਜੋਂ 21 ਅਤੇ 22 ਅਕਤੂਬਰ ਨੂੰ ਪੰਜਾਬ ਦੇ ਸਮੂਹ ਮੁਲਾਜ਼ਮ ਸਮੂਹਿਕ ਛੁੱਟੀ ਲੈ ਕੇ ਸਰਕਾਰੀ ਅਦਾਰੇ ਬੰਦ ਰੱਖਣ ਗੇ। ਅਧਿਆਪਕਾਂ ਦੀ ਨੁਮਾਇੰਦਾ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ, ਜ਼ਿਲ੍ਹਾ ਇਕਾਈ ਮੋਗਾ ਦੇ ਪ੍ਰਧਾਨ ਸੁਖਪਾਲਜੀਤ ਸਿੰਘ ਤੇ ਕਾਰਜਕਾਰੀ ਜ਼ਿਲ੍ਹਾ ਸਕੱਤਰ ਸੁਖਵਿੰਦਰ ਸਿੰਘ ਘੋਲੀਆਂ ਦੱਸਿਆ 21 ਤੇ 22 ਅਕਤੂਬਰ ਨੂੰ ਪੰਜਾਬ ਦੇ ਸਕੂਲਾਂ ਦਾ ਸਮੂਹ ਸਟਾਫ ਸਮੂਹਿਕ ਛੁੱਟੀ ਲਵੇਗਾ। ਇਸ ਤੋਂ ਪਹਿਲਾਂ ਵੀ 27 ਅਗਸਤ ਨੂੰ ਪੰਜਾਬ ਦੇ ਲਗਭਗ 80% ਅਧਿਆਪਕਾਂ ਨੇ ਸਮੂਹਿਕ ਛੁੱਟੀ ਲਈ ਸੀ।

ਆਗੂਆਂ ਨੇ ਦੱਸਿਆ ਕਿ 18 ਸਤੰਬਰ ਦੀ ਮੀਟਿੰਗ ਵਿੱਚ ਮੁੱਖ ਮੰਤਰੀ ਨੇ ਵਾਅਦਾ ਕੀਤਾ ਸੀ ਕਿ ਅਕਤੂਬਰ ਮਹੀਨੇ ਦੇ ਪਹਿਲੇ ਹਫ਼ਤੇ ਮੁਲਾਜ਼ਮਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੀਆਂ ਮੰਗਾਂ ਦਾ ਹੱਲ ਕੀਤਾ ਜਾਵੇਗਾ, ਪਰ ਅਜੇ ਤੱਕ ਕਿਸੇ ਮੀਟਿੰਗ ਦਾ ਸੱਦਾ ਨਹੀਂ ਆਇਆ।ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਝੋਰੜਾ, ਮੀਤ ਪ੍ਰਧਾਨ ਸਵਰਨਦਾਸ ਨੇ ਦੱਸਿਆ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੁੱਖ ਮੰਗਾਂ ਪੁਰਾਣੀ ਪੈਨਸ਼ਨ ਬਹਾਲ ਕਰਨੀ, 17-7-20 ਤੇ 15-1-15 ਦੇ ਪੱਤਰ ਰੱਦ ਕਰਨੇ, ਕੱਚੇ ਮੁਲਾਜ਼ਮ ਪੱਕੇ ਕਰਨੇ, ਮਿਡ ਡੇਅ ਮੀਲ ਵਰਕਰਾਂ, ਆਸ਼ਾ ਵਰਕਰਾਂ ਅਤੇ ਆਂਗਣਵਾੜੀ ਵਰਕਰਾਂ ਦੀ ਤਨਖਾਹ 18000 ਰੁਪਏ ਕਰਨੀ, ਪੈਨਸ਼ਨਰਾਂ ਨੂੰ 2.59 ਦਾ ਗੁਣਾਂਕ ਦੇਣਾ, 10% ਪੈਂਡਿੰਗ ਡੀ ਏ ਜਾਰੀ ਕਰਨਾ, ਏ ਸੀ ਪੀ ਲਾਗੂ ਕਰਨਾ, ਪੇਂਡੂ ਭੱਤਾ ਲਾਗੂ ਕਰਨਾ ਆਦਿ ਅਜੇ ਤੱਕ ਪੈਂਡਿੰਗ ਹਨ।ਆਗੂਆਂ ਨੇ ਅਧਿਆਪਕਾਂ ਨੂੰ ਸੱਦਾ ਦਿੱਤਾ ਕਿ ਵਿਸ਼ਾਲ ਏਕਤਾ ਦਾ ਮੁਜ਼ਾਹਰਾ ਕਰਦੇ ਹੋਏ ਆਪਣੇ ਸਕੂਲਾਂ ਵਿੱਚੋਂ ਸਮੂਹਿਕ ਛੁੱਟੀ ਲੈ ਕੇ ਸੰਘਰਸ਼ ਦੇ ਮੈਦਾਨ ਵਿੱਚ ਆਉਣ।ਜ਼ਿਲ੍ਹਾ ਜੁਆਇੰਟ ਸਕੱਤਰ ਅਮਨਦੀਪ ਮਾਛੀਕੇ, ਵਿੱਤ ਸਕੱਤਰ ਗੁਰਸ਼ਰਨ ਸਿੰਘ ਨੇ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸੱਤਾਧਿਰ ਪਾਰਟੀ ਦੇ ਵੋਟਾਂ ਮੰਗਣ ਆਏ ਲੀਡਰਾਂ ਨੂੰ ਗਲੀਆਂ ਮੁਹੱਲਿਆ ਵਿੱਚ ਘੇਰਿਆ ਜਾਵੇਗਾ।

## ਤੇਜ਼ ਮੀਂਹ ਤੇ ਝੱਖੜ ਕਾਰਨ ਦਿਵਿਆਂਗ ਦੇ ਮਕਾਨ ਦੀ ਛੱਤ ਡਿੱਗੀ, ਮੁਆਵਜ਼ੇ ਦੀ ਮੰਗ

**ਮਲੋਟ (ਰਜਿੰਦਰ ਜੁਨੇਜਾ)**-ਇੱਥੇ ਬੀਤੇ ਦਿਨ ਤੜਕੇ ਆਏ ਤੇਜ਼ ਮੀਂਹ ਤੇ ਝੱਖੜ ਨੇ ਇੱਕ ਗ਼ਰੀਬ ਪਰਵਾਰ 'ਤੇ ਵੱਡੀ ਮੁਸੀਬਤ ਖੜ੍ਹੀ ਕਰ ਦਿੱਤੀ।ਸਥਾਨਕ ਵਾਰਡ ਨੰਬਰ 12 ਦੇ ਅਜੀਤ ਨਗਰ ਵਿੱਚ ਇੱਕ ਮਕਾਨ ਦੀ ਛੱਤ ਅਚਾਨਕ ਹੇਠਾਂ ਆ ਡਿੱਗੀ।ਰਾਹਤ ਦੀ ਗੱਲ ਇਹ ਰਹੀ ਕਿ ਇਸ ਹਾਦਸੇ ਦੌਰਾਨ ਕੋਈ ਜਾਨੀ ਨੁਕਸਾਨ ਹੋਣੋਂ ਬਚਾਅ ਰਿਹਾ, ਪਰ ਪਰਵਾਰ ਨੂੰ ਭਾਰੀ ਆਰਥਿਕ ਸੱਟ ਵੱਜੀ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਘਰ ਦਾ ਮਾਲਕ ਸੁਖਪਾਲ ਸਿੰਘ ਦਿਵਿਆਂਗ ਹੈ ਤੇ ਉਹ ਘਰ ਦੇ ਬਾਹਰ ਕੱਪੜੇ ਪ੍ਰੈੱਸ ਕਰਕੇ ਬੜੀ ਮੁਸ਼ਕਲ ਨਾਲ ਆਪਣੇ ਪਰਵਾਰ ਦਾ ਪਾਲਣ-ਪੋਸ਼ਣ ਕਰਦਾ ਹੈ।

ਐਤਵਾਰ ਤੜਕੇ ਆਏ ਤੇਜ਼ ਝੱਖੜ ਤੇ ਮੀਂਹ ਕਾਰਨ, ਜਿੱਥੇ ਉਸ ਦੇ ਮਕਾਨ ਦੀ ਛੱਤ ਢਹਿ-ਢੇਰੀ ਹੋ ਗਈ, ਉੱਥੇ ਹੀ ਉਸ ਦੀ ਰੋਜ਼ੀ-ਰੋਟੀ ਨਾਲ ਜੁੜਿਆ ਕੰਮ-ਕਾਰ ਵਾਲਾ ਸਥਾਨ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ।ਪੀੜਤ ਸੁਖਪਾਲ ਸਿੰਘ ਨੇ ਜ਼ਿਲ੍ਹਾ ਪ੍ਰਸ਼ਾਸਨ ਅੱਗੇ ਗੁਹਾਰ ਲਗਾਈ ਹੈ ਕਿ ਘਟਨਾ ਵਾਲੀ ਥਾਂ ਦਾ ਜਾਇਜ਼ਾ ਲੈ ਕੇ ਉਨ੍ਹਾਂ ਨੂੰ ਬਣਦਾ ਯੋਗ ਮੁਆਵਜ਼ਾ ਦਿੱਤਾ ਜਾਵੇ, ਤਾਂ ਜੋ ਉਹ ਘਰ ਦੀ ਮੁਰੰਮਤ ਕਰਵਾ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਮੁੜ ਲੀਹ 'ਤੇ ਲਿਆ ਸਕੇ।

# ਕੈਬਨਿਟ ਮੰਤਰੀ ਕਟਾਰੂਚੱਕ ਵੱਲੋਂ ਝੋਨੇ ਦੇ ਖ਼ਰੀਦ ਪ੍ਰਬੰਧਾਂ ਦਾ ਜਾਇਜ਼ਾ



**ਫ਼ਰੀਦਕੋਟ (ਬੇਦੀ, ਡਿਸੂਜਾ)**-ਪੰਜਾਬ ਦੇ ਖ਼ੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਜ਼ਿਲ੍ਹਾ ਫ਼ਰੀਦਕੋਟ ਵਿਖੇ ਝੋਨੇ ਦੇ ਖ਼ਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ।

ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬੇ ਭਰ ਵਿੱਚ 1 ਅਕਤੂਬਰ ਤੋਂ ਝੋਨੇ ਦੀ ਸਰਕਾਰੀ ਖਰੀਦ ਆਰੰਭ ਹੋ ਗਈ ਹੈ ਤੇ ਸੂਬੇ ਭਰ ਦੀਆਂ ਮੰਡੀਆਂ ਵਿੱਚ ਕਿਸਾਨਾਂ ਦੀ ਸਹੂਲਤ ਲਈ ਛਾਂ, ਪੀਣ ਵਾਲੇ ਸਾਫ਼ ਪਾਣੀ, ਸਫ਼ਾਈ, ਬਿਜਲੀ ਸਮੇਤ ਲੋੜੀਂਦੇ ਪ੍ਰਬੰਧ ਮੁਕੰਮਲ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਸੂਬੇ ਨੂੰ ਸੀਜ਼ਨ 2026-27 ਲਈ 180 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਦਾ ਟੀਚਾ ਮਿਲਿਆ ਹੈ।ਉਨ੍ਹਾਂ ਕਿਹਾ ਕਿ ਖਰੀਦ ਕਾਰਜਾਂ ਨੂੰ ਨਿਰਵਿਘਨ ਤੇ ਸੁਚਾਰੂ ਢੰਗ ਨਾਲ ਚਲਾਉਣ ਲਈ ਰਾਜ ਭਰ ਵਿੱਚ ਹੁਣ ਤੱਕ 1887 ਮੰਡੀਆਂ ਨੋਟੀਫਾਈ ਕੀਤੀਆਂ ਜਾ ਚੁੱਕੀਆਂ ਹਨ ਤੇ ਜ਼ਰੂਰਤ ਅਨੁਸਾਰ ਹੋਰ ਮੰਡੀਆਂ ਵੀ ਕਾਰਜਸ਼ੀਲ ਕੀਤੀਆਂ ਜਾਣਗੀਆਂ।ਉਨ੍ਹਾਂ ਦੱਸਿਆ ਕਿ ਕਿਸਾਨਾਂ ਵੱਲੋਂ ਮੰਡੀਆਂ ਵਿੱਚ ਲਿਆਂਦੇ ਜਾਣ ਵਾਲੇ ਝੋਨੇ ਦੀ ਪੈਕਿੰਗ ਲਈ ਬਾਰਦਾਨਾ ਵੀ ਪ੍ਰਾਪਤ ਹੋ ਗਿਆ ਹੈ।ਕੈਬਨਿਟ ਮੰਤਰੀ ਕਟਾਰੂਚੱਕ ਨੇ ਦੱਸਿਆ ਕਿ ਮੁੱਖ ਮੰਤਰੀ ਸ੍ਰ. ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਇਸ ਸੀਜ਼ਨ ਵੀ ਝੋਨੇ ਦੀ ਨਿਰਵਿਘਨ ਖਰੀਦ, ਚੁਕਾਈ ਤੇ ਸਮੇਂ ਸਿਰ ਅਦਾਇਗੀ ਕਰ ਕੇ ਮਿਸਾਲ ਕਾਇਮ ਕੀਤੀ ਜਾਵੇਗੀ ਅਤੇ ਕਿਸਾਨ ਬਿਨਾਂ ਕਿਸੇ ਦਿੱਕਤ ਦੇ ਆਪਣੀ ਫਸਲ ਵੇਚ ਕੇ ਸਮੇਂ ਸਿਰ ਘਰ ਨੂੰ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਜਿੱਥੇ ਫਸਲ ਦੀ ਚੁਕਾਈ ਸਮੇਂ ਸਿਰ ਹੋ ਰਹੀ ਹੈ, ਉੱਥੇ ਹੀ ਸਰਕਾਰ ਵੱਲੋਂ ਫਸਲ ਖਰੀਦਣ ਉਪਰੰਤ ਕਿਸਾਨਾਂ ਦੇ ਖਾਤਿਆਂ ਵਿੱਚ ਸਿੱਧੀ ਅਦਾਇਗੀ ਕੀਤੀ ਜਾ ਰਹੀ ਹੈ।ਉਨ੍ਹਾਂ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸੁੱਕਾ ਝੋਨਾ ਮੰਡੀਆਂ ਵਿੱਚ ਲੈ ਕੇ ਆਉਣ ਤਾਂ ਜੋ ਖਰੀਦ ਏਜੰਸੀਆਂ ਵੱਲੋਂ ਇਸ ਨੂੰ ਬਿਨਾਂ ਕਿਸੇ ਦੇਰੀ ਤੋਂ ਖਰੀਦਿਆ ਜਾ ਸਕੇ। ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਚਾਬਾ ਨੇ ਦੱਸਿਆ ਕਿ ਮੰਡੀਆਂ ਵਿੱਚ ਕਿਸਾਨਾਂ ਲਈ ਪ੍ਰਸ਼ਾਸਨ ਵੱਲੋਂ ਪੁਖਤਾ ਪ੍ਰਬੰਧ ਕੀਤੇ ਗਏ ਹਨ।ਬਾਰਿਸ਼ ਦੇ ਮੱਦੇਨਜ਼ਰ ਤ੍ਰਿਪਾਲਾਂ ਆਦਿ ਦੇ ਪ੍ਰਬੰਧ ਵੀ ਮੁਕੰਮਲ ਹਨ।ਇਸ ਮੌਕੇ ਚੇਅਰਮੈਨ ਪਲਾਨਿੰਗ ਬੋਰਡ ਗੁਰਤੇਜ ਸਿੰਘ ਖੋਸਾ, ਗਗਨਦੀਪ ਸਿੰਘ ਧਾਲੀਵਾਲ ਚੇਅਰਮੈਨ ਇੰਪਰੂਵਮੈਂਟ ਟਰੱਸਟ, ਅਨਮੋਲਜੀਤ ਸਿੰਘ ਸੇਖੋਂ ਸਪੁੱਤਰ ਵਿਧਾਇਕ ਗੁਰਦਿੱਤ ਸਿੰਘ ਸੇਖੋਂ, ਬਲਜਿੰਦਰ ਸਿੰਘ ਅਹੂਜਾ ਪ੍ਰਧਾਨ ਨਗਰ ਕੌਂਸਲ, ਗੁਰਮੀਤ ਸਿੰਘ ਆਰੇਵਾਲਾ ਚੇਅਰਮੈਨ ਮਾਰਕਿਟ ਕਮੇਟੀ ਕੋਟਕਪੂਰਾ, ਨੀਤੂ ਕਪੂਰ ਸਿੰਗਲਾ ਚੇਅਰਮੈਨ ਮਾਰਕਿਟ ਕਮੇਟੀ ਸਾਦਿਕ, ਅਤਿੰਦਰ ਕੌਰ ਡਿਪਟੀ ਡਾਇਰੈਕਟਰ ਫੂਡ ਸਪਲਾਈ ਤੇ ਸ.ਗੁਰਜੀਤ ਸਿੰਘ ਦਿਓਲ ਡੀ.ਐੱਫ.ਐੱਸ.ਸੀ. ਸਮੇਤ ਵੱਖ ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀ, ਪਾਰਟੀ ਆਗੂ ਹਾਜ਼ਰ ਸਨ।

## ਮਾਲਵਾ ਲਿਖਾਰੀ ਸਭਾ ਵੱਲੋਂ ਸਾਲਾਨਾ ਪੁਰਸਕਾਰਾਂ ਦਾ ਐਲਾਨ

**ਸੰਗਰੂਰ (ਪ੍ਰਵੀਨ ਸਿੰਘ)**-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਦੀ ਕਾਰਜਕਾਰਨੀ ਦੀ ਇਕੱਤਰਤਾ ਲੇਖਕ ਭਵਨ ਸੰਗਰੂਰ ਵਿਖੇ ਹੋਈ, ਜਿਸ ਵਿੱਚ 1 ਨਵੰਬਰ 2026 ਨੂੰ ਹੋਣ ਵਾਲੇ ਸਭਾ ਦੇ ਬਾਰਵੇਂ ਸਾਲਾਨਾ ਸਮਾਗਮ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ।

ਕਰਮ ਸਿੰਘ ਜ਼ਖ਼ਮੀ ਦੀ ਪ੍ਰਧਾਨਗੀ ਵਿੱਚ ਹੋਈ ਇਸ ਇਕੱਤਰਤਾ ਵਿੱਚ ਸਰਬਸੰਮਤੀ ਨਾਲ ਸਭਾ ਵੱਲੋਂ ਦਿੱਤਾ ਜਾਣ ਵਾਲਾ ਡਾ. ਪ੍ਰੀਤਮ ਸੈਣੀ ਵਾਰਤਕ ਪੁਰਸਕਾਰ ਸੁਖਦੇਵ ਸਿੰਘ ਔਲਖ ਨੂੰ, ਲੋਕ ਕਵੀ ਸੰਤ ਰਾਮ ਉਦਾਸੀ ਕਵਿਤਾ ਪੁਰਸਕਾਰ ਹਾਕਮ ਰੁੜਕੇ ਨੂੰ ਤੇ ਗੁਰਮੇਲ ਮਡਾਹੜ ਗਲਪ ਪੁਰਸਕਾਰ ਮਨਦੀਪ ਰਿੰਪੀ ਨੂੰ ਦੇਣ ਦਾ ਫ਼ੈਸਲਾ ਕੀਤਾ ਗਿਆ।

ਸਭਾ ਦੇ ਪ੍ਰੈੱਸ ਸਕੱਤਰ ਪਵਨ ਕੁਮਾਰ ਹੋਸ਼ੀ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਇਸ ਮੌਕੇ ਭਾਰਤੀ ਪਾਇਲਟ ਸਮਿਤ ਮੱਛਾਰ ਦੀ ਬਹਾਦਰੀ ਦੀ ਪ੍ਰਸੰਸਾ ਤੇ ਪਾਸ਼ ਹੰਸ ਯਾਦਗਾਰ ਨਾਲ ਛੇੜਛਾੜ ਅਤੇ ਲੇਖਕ ਹਰਮੇਸ਼ ਮਾਲੜੀ ਨੂੰ ਜਾਤੀ ਸੂਚਕ ਗਾਲੀ ਗਲੋਚ ਦੀ ਨਿਖੇਧੀ ਕੀਤੀ ਗਈ। ਇਸ ਇਕੱਤਰਤਾ ਵਿੱਚ ਡਾ. ਮੀਤ ਖਟੜਾ, ਕਰਮ ਸਿੰਘ ਜ਼ਖ਼ਮੀ, ਸੁਖਵਿੰਦਰ ਸਿੰਘ ਲੋਟੇ, ਰਜਿੰਦਰ ਸਿੰਘ ਰਾਜਨ, ਪਵਨ ਕੁਮਾਰ ਹੋਸ਼ੀ, ਬਹਾਦਰ ਸਿੰਘ ਧੌਲਾ, ਸੁਰਜੀਤ ਸਿੰਘ ਮੌਜੀ, ਲਾਭ ਸਿੰਘ ਝੱਮਟ, ਸਰਬਜੀਤ ਸੰਗਰੂਰਵੀ, ਜਗਜੀਤ ਸਿੰਘ ਲੱਡਾ, ਬਲਜਿੰਦਰ ਬੱਲੀ ਈਲਵਾਲ, ਖੁਸ਼ਪ੍ਰੀਤ ਕੌਰ, ਸ਼ਿਵ ਕੁਮਾਰ ਅੰਬਾਲਵੀ, ਅਮਨ ਜੱਖਲਾਂ ਤੇ ਭੁਪਿੰਦਰ ਨਾਗਪਾਲ ਨੇ ਹਿੱਸਾ ਲਿਆ।

# ਆਊਟਸੋਰਸ ਸਿਹਤ ਵਿਭਾਗ ਮੁਲਾਜ਼ਮ ਯੂਨੀਅਨ ਵੱਲੋਂ ਮੁੱਖ ਮੰਤਰੀ ਦੀ ਕੋਠੀ ਅੱਗੇ ਧਰਨਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਆਊਟਸੋਰਸ ਸਿਹਤ ਵਿਭਾਗ ਮੁਲਾਜ਼ਮ ਯੂਨੀਅਨ ਪੰਜਾਬ ਜਥੇਬੰਦੀ ਵੱਲੋਂ ਉਲੀਕੇ ਪ੍ਰੋਗਰਾਮ ਅਨੁਸਾਰ ਮੁੱਖ ਮੰਤਰੀ ਦੀ ਕੋਠੀ ਅੱਗੇ ਸਿਹਤ ਵਿਭਾਗ ਦੇ ਕੱਚੇ ਕਾਮਿਆਂ ਵੱਲੋਂ ਇੱਕ ਧਰਨਾ ਦਿੱਤਾ ਗਿਆ।ਧਰਨੇ ਵਿੱਚ ਆਊਟਸੋਰਸ ਸਿਹਤ ਵਿਭਾਗ ਮੁਲਾਜ਼ਮ ਯੂਨੀਅਨ ਪੰਜਾਬ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਜਿੰਦਰ ਸਿੰਘ ਔਲਖ ਨੇ ਬੋਲਦਿਆਂ ਕਿਹਾ ਕਿ ਪੰਜਾਬ ਸਰਕਾਰ ਜਿਹੜੀ ਇਸ ਵਾਅਦੇ ਨਾਲ ਹੋਂਦ ਵਿੱਚ ਆਈ ਸੀ ਕਿ ਪੰਜਾਬ ਵਿੱਚ ਕਿਸੇ ਕਿਸਮ ਦਾ ਕੋਈ ਕੱਚਾ ਮੁਲਾਜ਼ਮ ਨਹੀਂ ਰਹਿਣਾ, ਪਰ ਸਾਢੇ ਚਾਰ ਸਾਲ ਤੋਂ ਉੱਪਰ ਦਾ ਸਮਾਂ ਬੀਤ ਜਾਣ 'ਤੇ ਵੀ ਇਸ ਸਰਕਾਰ ਦੇ ਵੱਲੋਂ ਸਿਹਤ ਵਿਭਾਗ ਦੇ ਸਰਕਾਰੀ ਹਸਪਤਾਲਾਂ ਵਿੱਚ ਵੱਡੀ ਗਿਣਤੀ ਵਿੱਚ ਕੰਮ ਕਰਦੇ ਆਊਟਸੋਰਸ ਕੱਚੇ ਕਾਮਿਆਂ ਨੂੰ ਪੱਕਾ ਨਹੀਂ ਕੀਤਾ ਗਿਆ।ਇਹ ਕੱਚੇ ਕਾਮੇ ਬਹੁਤ ਹੀ ਨਿਗੂਣੀਆਂ ਤਨਖ਼ਾਹਾਂ 10-12 ਹਜ਼ਾਰ ਉੱਪਰ ਕੰਮ ਕਰਨ ਲਈ ਮਜਬੂਰ ਹਨ, ਜਿਸ ਦੇ ਰੋਸ ਵਜੋਂ ਪਿਛਲੇ ਦਿਨੀ ਜਥੇਬੰਦੀ ਵੱਲੋਂ ਮੁੱਖ ਮੰਤਰੀ ਪੰਜਾਬ ਦੀ ਸੰਗਰੂਰ ਕੋਠੀ ਅੱਗੇ ਸੂਬਾ ਪੱਧਰੀ ਸੰਘਰਸ਼ ਦਾ ਐਲਾਨ ਕੀਤਾ ਗਿਆ ਸੀ।

ਸੰਘਰਸ਼ ਵਿੱਚ ਵੱਖ-ਵੱਖ ਜ਼ਿਲ੍ਹਿਆਂ ਤੋਂ ਵੱਡੀ ਗਿਣਤੀ 'ਚ ਮੁਲਾਜ਼ਮਾਂ ਨੇ ਭਾਗ ਲਿਆ ਤੇ ਸਰਕਾਰ ਤੋਂ ਮੰਗ ਕੀਤੀ ਕਿ ਸਿਹਤ ਵਿਭਾਗ ਵਿੱਚ ਵੱਖ-ਵੱਖ ਕੈਟਾਗਿਰੀਆਂ ਅਧੀਨ ਤੈਨਾਤ ਕੱਚੇ ਕਾਮਿਆਂ ਨੂੰ ਵਿਭਾਗ ਅਧੀਨ ਲੈ ਕੇ ਰੈਗੂਲਰ ਕੀਤਾ ਜਾਵੇ।ਜਦੋਂ ਤੱਕ ਸਿਹਤ ਕਾਮਿਆਂ ਨੂੰ ਵਿਭਾਗ ਵਿੱਚ ਰੈਗੂਲਰ ਨਹੀਂ ਕੀਤਾ ਜਾਂਦਾ, ਤਦ ਤੱਕ ਬਰਾਬਰ ਕੰਮ ਬਰਾਬਰ ਤਨਖਾਹ ਦਾ ਕਾਨੂੰਨ ਇਹਨਾਂ ਸਿਹਤ ਕਾਮਿਆਂ ਉੱਤੇ ਲਾਗੂ ਕੀਤਾ ਜਾਵੇ।ਸਿਹਤ ਕਾਮੇ ਜਿਹੜੇ ਲੰਮੇ ਅਰਸੇ ਤੋਂ ਸਿਹਤ ਵਿਭਾਗ ਵਿੱਚ ਨਿਗੂਣੀਆਂ ਤਨਖਾਹਾਂ ਤੇ ਕੰਮ ਕਰ ਰਹੇ ਹਨ। ਉਨ੍ਹਾਂ ਦੀ ਵੀ ਮੰਗ ਹੈ ਕਿ ਪੰਜਾਬ ਸਰਕਾਰ ਵੱਲੋਂ ਜੋ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਕਾਨੂੰਨ ਲੈ ਕੇ ਆਈ ਹੈ ਉਹਦੇ ਵਿੱਚ ਵੱਖ-ਵੱਖ ਕੈਟਾਗਰੀਆਂ ਏ.ਬੀ.ਸੀ.ਡੀ ਨੂੰ ਸ਼ਾਮਲ ਕੀਤਾ ਜਾਵੇ।

ਜਥੇਬੰਦੀ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਸਮੂਹ ਕੱਚੇ ਕਾਮਿਆਂ ਨੂੰ ਬਿੱਲ 2026 ਵਿੱਚ ਰੱਖੀ 5 ਸਾਲ ਸੇਵਾਕਾਲ ਦੀ ਸ਼ਰਤ ਹਟਾਕੇ ਸਮੂਹ ਆਊਟਸੋਰਸ ਕੱਚੇ ਕਾਮਿਆਂ ਨੂੰ ਵਿਭਾਗ ਅਧੀਨ ਸ਼ਾਮਲ ਕਰਕੇ ਪੱਕਾ ਕੀਤਾ ਜਾਵੇ।ਰੋਸ ਧਰਨੇ ਤੋਂ ਬਾਅਦ ਆਊਟਸੋਰਸ ਸਿਹਤ ਵਿਭਾਗ ਮੁਲਾਜ਼ਮ ਯੂਨੀਅਨ ਪੰਜਾਬ ਜਥੇਬੰਦੀ ਨੂੰ ਪ੍ਰਸ਼ਾਸਨ ਵੱਲੋਂ 22 ਅਕਤੂਬਰ ਨੂੰ ਵਿੱਤ ਮੰਤਰੀ ਪੰਜਾਬ ਦੀ ਅਗਵਾਈ ਹੇਠ ਕੈਬਨਿਟ ਸਬ-ਕਮੇਟੀ ਨਾਲ ਪੈਨਲ ਮੀਟਿੰਗ ਦਾ ਸਮਾਂ ਦਿੱਤਾ ਗਿਆ।ਜਥੇਬੰਦੀ ਨੇ ਫ਼ੈਸਲਾ ਕੀਤਾ ਕਿ 22 ਅਕਤੂਬਰ ਤੱਕ ਪੰਜਾਬ ਦੇ ਸਿਹਤ ਵਿਭਾਗ ਦੇ ਸਮੂਹ ਕੱਚੇ ਕਾਮੇ ਕਾਲੇ ਬਿੱਲੇ ਲਾ ਕੇ ਡਿਊਟੀਆਂ ਉੱਪਰ ਤੈਨਾਤ ਹੋਣਗੇ ਤੇ ਪੰਜਾਬ ਸਰਕਾਰ ਖਿਲਾਫ਼ ਰੋਸ ਜਾਰੀ ਰੱਖਣਗੇ।

# ਰੇਲ ਕਨੈਕਟੀਵਿਟੀ ਲਈ ਮੁਜ਼ੱਮਿਲ ਅਲੀ ਖਾਨ ਨੇ ਚੁੱਕੀ ਆਵਾਜ਼, ਅੰਬਾਲਾ ਡੀ ਆਰ ਐੱਮ ਨੂੰ ਸੌਂਪਿਆ ਮੰਗ ਪੱਤਰ




**ਮਾਲੇਰਕੋਟਲਾ (ਅਸਗਰ ਪਰਿਹਾਰ)**

ਜ਼ਿਲ੍ਹਾ ਮਾਲੇਰਕੋਟਲਾ ਦੀ ਰੇਲ ਕਨੈਕਟੀਵਿਟੀ ਨੂੰ ਬਿਹਤਰ ਬਣਾਉਣ ਤੇ ਇਲਾਕਾ ਵਾਸੀਆਂ ਦੀਆਂ ਦਰਪੇਸ਼ ਮੁਸ਼ਕਲਾਂ ਨੂੰ ਮੁੱਖ ਰੱਖਦਿਆਂ ਪੰਜਾਬ ਯੂਥ ਕਾਂਗਰਸ ਦੇ ਸਾਬਕਾ ਉਪ ਪ੍ਰਧਾਨ ਤੇ ਸੀਨੀਅਰ ਕਾਂਗਰਸੀ ਆਗੂ ਸ੍ਰੀ ਮੁਜ਼ੱਮਿਲ ਅਲੀ ਖਾਨ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਵਫਦ ਨੇ ਅੰਬਾਲਾ ਰੇਲਵੇ ਹੈੱਡਕੁਆਰਟਰ ਵਿਖੇ ਡਵੀਜ਼ਨਲ ਰੇਲਵੇ ਮੈਨੇਜਰ (ਡੀ.ਆਰ.ਐਮ) ਨਾਲ ਮੁਲਾਕਾਤ ਕੀਤੀ।ਵਫਦ ਵੱਲੋਂ ਡੀ.ਆਰ.ਐਮ. ਅੰਬਾਲਾ ਡਵੀਜ਼ਨ ਨੂੰ ਮਾਲੇਰਕੋਟਲਾ ਦੀਆਂ ਪ੍ਰਮੁੱਖ ਰੇਲ ਮੰਗਾਂ ਸਬੰਧੀ ਇੱਕ ਵਿਸਥਾਰਿਤ ਮੰਗ ਪੱਤਰ ਸੌਂਪਿਆ ਗਿਆ।ਮੰਗ ਪੱਤਰ ਸੌਂਪਣ ਤੋਂ ਬਾਅਦ ਅੰਬਾਲਾ ਤੋਂ ਵਾਪਸ ਮਾਲੇਰਕੋਟਲਾ ਪਹੁੰਚਣ 'ਤੇ ਸ੍ਰੀ ਮੁਜ਼ੱਮਿਲ ਅਲੀ ਖਾਨ ਨੇ ਦੱਸਿਆ ਕਿ 2 ਜੂਨ 2021 ਨੂੰ ਮਾਲੇਰਕੋਟਲਾ ਪੰਜਾਬ ਦਾ 23ਵਾਂ ਜ਼ਿਲ੍ਹਾ ਬਣਿਆ ਸੀ, ਜਿਸ ਦੀ ਆਬਾਦੀ 2011 ਦੀ ਜਨਗਣਨਾ ਅਨੁਸਾਰ ਲਗਭਗ 4.29 ਲੱਖ ਤੋਂ ਵੱਧ ਹੈ।ਇਸ ਜ਼ਿਲ੍ਹੇ ਅਧੀਨ 192 ਪਿੰਡ ਅਤੇ 3 ਤਹਿਸੀਲਾਂ ਆਉਂਦੀਆਂ ਹਨ।ਉਨ੍ਹਾਂ ਦੱਸਿਆ ਕਿ ਹਾਲਾਂਕਿ ਮਾਲੇਰਕੋਟਲਾ ਰੇਲਵੇ ਸਟੇਸ਼ਨ ਨੂੰ 'ਅੰਮ੍ਰਿਤ ਭਾਰਤ ਸਟੇਸ਼ਨ ਸਕੀਮ' ਤਹਿਤ ਵਿਕਸਤ ਕੀਤਾ ਜਾ ਰਿਹਾ ਹੈ, ਪਰ ਅਫ਼ਸੋਸ ਦੀ ਗੱਲ ਹੈ ਕਿ ਕਈ ਅਹਿਮ ਸੁਪਰਫਾਸਟ ਅਤੇ ਐਕਸਪ੍ਰੈਸ ਟਰੇਨਾਂ ਇੱਥੇ ਰੁਕੇ ਬਿਨਾਂ ਹੀ ਲੰਘ ਜਾਂਦੀਆਂ ਹਨ।ਇਸ ਕਾਰਨ ਸਥਾਨਕ ਯਾਤਰੀਆਂ, ਵਪਾਰੀਆਂ ਅਤੇ ਵਿਦਿਆਰਥੀਆਂ ਨੂੰ ਰੇਲ ਫੜਨ ਲਈ ਧੂਰੀ ਜਾਂ ਲੁਧਿਆਣਾ ਜਾਣ ਲਈ ਮਜਬੂਰ ਹੋਣਾ ਪੈਂਦਾ ਹੈ।ਵਫ਼ਦ ਵੱਲੋਂ ਪਹਿਲੀ ਮੰਗ ਵਜੋਂ ਮਲੇਰਕੋਟਲਾ ਸਟੇਸ਼ਨ 'ਤੇ 5 ਪ੍ਰਮੁੱਖ ਐਕਸਪ੍ਰੈਸ ਟਰੇਨਾਂ ਦਾ ਠਹਿਰਾਅ ਮੰਗਿਆ ਗਿਆ ਹੈ।ਇਨ੍ਹਾਂ ਵਿੱਚ 22479/80 ਸਰਬੱਤ ਦਾ ਭਲਾ ਐਕਸਪ੍ਰੈਸ, 22485/86 ਨਵੀਂ ਦਿੱਲੀ-ਫ਼ਿਰੋਜ਼ਪੁਰ ਇੰਟਰਸਿਟੀ ਐਸ.ਐਫ., 12421/22 ਹਜ਼ੂਰ ਸਾਹਿਬ ਨਾਂਦੇੜ-ਅੰਮ੍ਰਿਤਸਰ ਐਸ.ਐਫ., 20985/86 ਕੋਟਾ-ਊਧਮਪੁਰ ਐਸ.ਐਫ. ਤੇ 22941/42 ਊਧਮਪੁਰ-ਇੰਦੌਰ ਐਸ.ਐਫ. ਸ਼ਾਮਲ ਹਨ।

ਦੂਜੀ ਅਹਿਮ ਮੰਗ 'ਚ ਜਾਖਲ-ਲੁਧਿਆਣਾ ਰੇਲਵੇ ਲਾਈਨ (ਵਾਇਆ ਮਾਲੇਰਕੋਟਲਾ-ਧੂਰੀ) ਦੀ 104 ਕਿਲੋਮੀਟਰ ਦੀ ਸਿੰਗਲ ਲਾਈਨ ਨੂੰ ਡਬਲ ਕਰਨ ਦੀ ਅਪੀਲ ਕੀਤੀ ਗਈ ਹੈ। ਇਸ ਲਾਈਨ 'ਤੇ ਟ੍ਰੈਫ਼ਿਕ ਬਹੁਤ ਜ਼ਿਆਦਾ ਰਹਿੰਦਾ ਹੈ, ਜਿਸ ਕਾਰਨ ਲਾਈਨ ਡਬਲ ਹੋਣ ਨਾਲ ਮਾਲੇਰਕੋਟਲਾ ਦੀ ਵੱਡੀ ਲੋਹਾ ਬਜ਼ਾਰ ਇੰਡਸਟਰੀ ਦੇ ਮਾਲ ਦੀ ਢੋਆ-ਢੁਆਈ ਸੁਖਾਲੀ ਹੋਵੇਗੀ ਅਤੇ ਯਾਤਰੀਆਂ ਦੇ ਸਮੇਂ ਦੀ ਬਚਤ ਹੋਵੇਗੀ।ਤੀਜੀ ਮੰਗ ਤਹਿਤ ਚਾਰ ਧਾਮ ਯਾਤਰੀਆਂ, ਸ਼ਰਧਾਲੂਆਂ, ਏਮਜ਼, ਰਿਸ਼ੀਕੇਸ਼ ਜਾਣ ਵਾਲੇ ਮਰੀਜ਼ਾਂ ਤੇ ਵਿਦਿਆਰਥੀਆਂ ਦੀ ਸਹੂਲਤ ਲਈ ਮਾਲੇਰਕੋਟਲਾ ਤੋਂ ਰਿਸ਼ੀਕੇਸ਼ ਲਈ ਇੱਕ ਨਵੀਂ ਟਰੇਨ ਚਲਾਉਣ ਦੀ ਮੰਗ ਕੀਤੀ ਗਈ। ਇਹ ਟਰੇਨ ਮਾਲੇਰਕੋਟਲਾ-ਧੂਰੀ-ਪਟਿਆਲਾ-ਰਾਜਪੁਰਾ-ਅੰਬਾਲਾ-ਯਮੁਨਾਨਗਰ-ਸਹਾਰਨਪੁਰ-ਰੁੜਕੀ-ਹਰਿਦੁਆਰ ਦੇ ਰੂਟ 'ਤੇ ਚਲਾਉਣ ਦੀ ਤਜਵੀਜ਼ ਦਿੱਤੀ ਗਈ ਹੈ।

# ਅਮਨ ਅਰੋੜਾ ਨੇ ਸਿਵਲ ਹਸਪਤਾਲ 'ਚ ਰੱਖਿਆ ਵਿਕਾਸ ਕਾਰਜਾਂ ਦਾ ਨੀਂਹ ਪੱਥਰ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸਿਵਲ ਹਸਪਤਾਲ ਸੁਨਾਮ ਊਧਮ ਸਿੰਘ ਵਾਲਾ ਵਿਖੇ 4 ਕਰੋੜ 43 ਲੱਖ ਰੁਪਏ ਦੀ ਲਾਗਤ ਨਾਲ ਕਰਵਾਏ ਜਾਣ ਵਾਲੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖ ਕੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ ਕਰਵਾਈ।ਇਨ੍ਹਾਂ ਕਾਰਜਾਂ ਵਿੱਚ ਹਸਪਤਾਲ ਦੀ ਚਾਰਦੀਵਾਰੀ, ਟਿਊਬਵੈੱਲ ਤੇ ਸੀਵਰੇਜ ਦੇ ਕੰਮ ਸ਼ਾਮਲ ਹਨ।ਇਸ ਮੌਕੇ ਅਮਨ ਅਰੋੜਾ ਨੇ ਕਿਹਾ ਕਿ ਇਨ੍ਹਾਂ ਵਿਕਾਸ ਕਾਰਜਾਂ ਦੇ ਮੁਕੰਮਲ ਹੋਣ ਨਾਲ ਹਸਪਤਾਲ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤੀ ਮਿਲੇਗੀ ਤੇ ਇੱਥੇ ਇਲਾਜ ਲਈ ਆਉਣ ਵਾਲੇ ਮਰੀਜ਼ਾਂ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੇ ਆਮ ਲੋਕਾਂ ਨੂੰ ਬਿਹਤਰ ਸਹੂਲਤਾਂ ਉਪਲਬਧ ਹੋਣਗੀਆਂ।ਉਨ੍ਹਾਂ ਕਿਹਾ ਕਿ ਸਿਹਤ ਸੰਸਥਾਵਾਂ ਵਿੱਚ ਇਲਾਜ ਦੀਆਂ ਸਹੂਲਤਾਂ ਦੇ ਨਾਲ ਪਾਣੀ, ਸਫ਼ਾਈ, ਸੀਵਰੇਜ ਤੇ ਸੁਰੱਖਿਅਤ ਚੌਗਿਰਦੇ ਵਰਗੀਆਂ ਬੁਨਿਆਦੀ ਲੋੜਾਂ ਦਾ ਸੁਚੱਜਾ ਪ੍ਰਬੰਧ ਵੀ ਬੇਹੱਦ ਜ਼ਰੂਰੀ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਚਾਰਦੀਵਾਰੀ ਦੇ ਨਿਰਮਾਣ ਨਾਲ ਹਸਪਤਾਲ ਦੇ ਅਹਾਤੇ ਦੀ ਸੁਰੱਖਿਆ ਤੇ ਸੰਭਾਲ ਨੂੰ ਮਜ਼ਬੂਤੀ ਮਿਲੇਗੀ, ਜਦਕਿ ਟਿਊਬਵੈੱਲ ਨਾਲ ਪਾਣੀ ਦੀ ਸਪਲਾਈ ਦੇ ਪ੍ਰਬੰਧ ਵਿੱਚ ਸੁਧਾਰ ਹੋਵੇਗਾ।ਇਸੇ ਤਰ੍ਹਾਂ ਸੀਵਰੇਜ ਦੇ ਕੰਮ ਨਾਲ ਗੰਦੇ ਪਾਣੀ ਦੀ ਨਿਕਾਸੀ ਸੁਚਾਰੂ ਹੋਵੇਗੀ ਤੇ ਹਸਪਤਾਲ ਵਿੱਚ ਸਾਫ਼-ਸੁਥਰਾ ਵਾਤਾਵਰਨ ਬਣਾਈ ਰੱਖਣ ਵਿੱਚ ਮਦਦ ਮਿਲੇਗੀ।ਉਨ੍ਹਾਂ ਕਿਹਾ ਕਿ ਹਲਕਾ ਸੁਨਾਮ ਦੇ ਨਿਵਾਸੀਆਂ ਦੀ ਭਲਾਈ ਤੇ ਸਹੂਲਤ ਲਈ ਮੈਂ ਹਰ ਸਮੇਂ ਯਤਨਸ਼ੀਲ ਹਾਂ।ਲੋਕਾਂ ਦੀਆਂ ਲੋੜਾਂ ਅਨੁਸਾਰ ਵਿਕਾਸ ਕਾਰਜ ਕਰਵਾਉਣਾ ਤੇ ਉਨ੍ਹਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਮੇਰੀ ਤਰਜੀਹ ਹੈ।ਸਿਵਲ ਹਸਪਤਾਲ ਵਿੱਚ ਸ਼ੁਰੂ ਕੀਤੇ ਇਹ ਕੰਮ ਇਸੇ ਯਤਨ ਦਾ ਹਿੱਸਾ ਹਨ।ਸ਼ਹਿਰ ਦੇ ਸਫ਼ਾਈ ਪ੍ਰਬੰਧਾਂ ਬਾਰੇ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਨਗਰ ਕੌਂਸਲ ਵੱਲੋਂ ਘਰ-ਘਰ ਤੋਂ ਕੂੜਾ ਇਕੱਠਾ ਕਰਨ ਤੇ ਇਸ ਦੀ ਢੋਆ-ਢੁਆਈ ਨੂੰ ਹੋਰ ਸੁਚਾਰੂ ਬਣਾਉਣ ਲਈ 25 ਨਵੇਂ ਈ-ਰਿਕਸ਼ਾ ਤੇ ਕੂੜਾ ਚੁੱਕਣ ਵਾਲੇ 15 ਟੈਂਪੂ ਖ਼ਰੀਦਣ ਦਾ ਮਤਾ ਪਾਸ ਕੀਤਾ ਗਿਆ ਹੈ।

## ਗੁਰੂ ਕਾਸ਼ੀ ਕੈਂਪਸ ਵਿਖੇ ਸਾਹਿਤ ਸਭਾ ਦਾ ਪੁਨਰਗਠਨ

**ਤਲਵੰਡੀ ਸਾਬੋ (ਜਗਦੀਪ ਗਿੱਲ)**-ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਦੇ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਤੇ ਗੁਰੂ ਕਾਸ਼ੀ ਸੋਸ਼ਲ ਸਾਇੰਸਿਜ਼ ਵਿਭਾਗ ਦੇ ਸਾਂਝੇ ਉੱਦਮ ਸਦਕਾ ਗੁਰੂ ਕਾਸ਼ੀ ਕੈਂਪਸ ਸਾਹਿਤ ਸਭਾ ਦਾ ਪੁਨਰਗਠਨ ਕੀਤਾ ਗਿਆ।ਸਾਹਿਤਕ ਗਤੀਵਿਧੀਆਂ ਨੂੰ ਹੋਰ ਸੁਚਾਰੂ ਢੰਗ ਨਾਲ ਚਲਾਉਣ ਲਈ ਨਵੀਂ ਚੁਣੀ ਗਈ ਟੀਮ ਵਿੱਚ ਐੱਮ. ਏ. ਪੰਜਾਬੀ ਭਾਗ ਦੂਜਾ ਦੇ ਵਿਦਿਆਰਥੀ ਰਾਜਪਾਲ ਸਿੰਘ ਨੂੰ ਪ੍ਰਧਾਨ ਚੁਣਿਆ ਗਿਆ।ਇਸੇ ਤਰ੍ਹਾਂ ਬੀ. ਏ. ਭਾਗ ਦੂਜਾ ਦੇ ਵਿਦਿਆਰਥੀ ਸਪਿੰਦਰ ਸਿੰਘ ਤੇ ਜਸ਼ਨਦੀਪ ਸਿੰਘ ਨੂੰ ਮੀਤ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ।

ਜਨਰਲ ਸਕੱਤਰ ਦੇ ਅਹੁਦੇ ਲਈ ਬੀ.ਏ. ਭਾਗ ਪਹਿਲਾ ਦੀ ਵਿਦਿਆਰਥਣ ਰਮਨੀਤ ਕੌਰ ਤੇ ਬੀ.ਏ. ਭਾਗ ਦੂਜਾ ਦੇ ਵਿਦਿਆਰਥੀ ਪ੍ਰੇਮ ਕੁਮਾਰ ਦੀ ਚੋਣ ਕੀਤੀ ਗਈ।ਇਸ ਮੌਕੇ ਡਾ. ਸੰਦੀਪ ਰਾਣਾ ਮੁਖੀ ਭਾਸ਼ਾਵਾਂ ਵਿਭਾਗ ਤੇ ਡਾ. ਅਮਨਦੀਪ ਸਿੰਘ ਸੇਖੋਂ ਮੁਖੀ ਸੋਸ਼ਲ ਸਾਇੰਸਿਜ਼ ਵਿਭਾਗ ਨੇ ਚੁਣੇ ਹੋਏ ਮੈਂਬਰਾਂ ਨੂੰ ਵਧਾਈ ਦਿੱਤੀ।ਸਾਹਿਤ ਸਭਾ ਦੇ ਕਨਵੀਨਰ ਡਾ. ਮਨਮਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਤਨਦੇਹੀ ਨਾਲ ਨਿਭਾਉਣ ਲਈ ਉਤਸ਼ਾਹਤ ਕੀਤਾ।ਕੈਂਪਸ ਡਾਇਰੈਕਟਰ ਪ੍ਰੋਫ਼ੈਸਰ ਅਮਨਦੀਪ ਸਿੰਘ ਨੇ ਗੁਰੂ ਕਾਸ਼ੀ ਕੈਂਪਸ ਸਾਹਿਤ ਸਭਾ ਦੀ ਸਮੁੱਚੀ ਟੀਮ ਨੂੰ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਭਵਿੱਖ ਵਿੱਚ ਵੱਧ ਤੋਂ ਵੱਧ ਸਾਹਿਤਕ ਗਤੀਵਿਧੀਆਂ ਨਾਲ ਜੁੜੇ ਰਹਿਣ ਦੀ ਪ੍ਰੇਰਣਾ ਦਿੱਤੀ।

# ਸੰਯੁਕਤ ਡਾਇਰੈਕਟਰ ਜਨਗਣਨਾ ਆਰ ਪੀ ਸਿੰਘ ਵੱਲੋਂ ਸਿਖਲਾਈ ਕੈਂਪ ਦਾ ਨਿਰੀਖਣ



**ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ/ਬਲਵਿੰਦਰ ਸਿੰਘ)**-ਭਾਰਤ ਸਰਕਾਰ ਦੁਆਰਾ ਕਰਵਾਈ ਜਾ ਰਹੀ ਜਨਗਣਨਾ 2027 ਦੇ ਦੂਸਰੇ ਚਰਨ ਦੀ ਸਿਖਲਾਈ ਲਈ ਚੱਲ ਰਹੇ ਗਿਣਤੀਕਾਰ ਤੇ ਸੁਪਰਵਾਈਜ਼ਰ ਦੇ ਵੱਖ-ਵੱਖ ਸਿਖਲਾਈ ਗਰੁੱਪਾਂ ਦਾ ਅਚਨਚੇਤ ਨਿਰੀਖਣ ਸੰਯੁਕਤ ਡਾਇਰੈਕਟਰ ਜਨਗਣਨਾ ਸ੍ਰੀ ਆਰ. ਪੀ. ਸਿੰਘ ਵੱਲੋਂ ਕੀਤਾ ਗਿਆ। ਆਪਣੀ ਫੇਰੀ ਦੌਰਾਨ ਆਰ ਪੀ ਸਿੰਘ ਦੁਆਰਾ ਸਬ ਡਵੀਜ਼ਨ ਮੈਜਿਸਟਰੇਟ ਜਲਾਲਾਬਾਦ ਸ੍ਰੀ ਕੰਵਰਜੀਤ ਮਾਨ ਨਾਲ ਮੀਟਿੰਗ ਕੀਤੀ ਗਈ, ਜਿਸ ਵਿੱਚ ਚੱਲ ਰਹੇ ਸਿਖਲਾਈ ਗਰੁੱਪਾਂ ਸੰਬੰਧੀ ਜਾਣਕਾਰੀ ਲਈ ਗਈ। ਇਸ ਮੌਕੇ ਜ਼ਿਲ੍ਹਾ ਕੋਆਰਡੀਨੇਟਰ ਜਨਗਣਨਾ ਕਾਰਤਿਕ ਆਰਿਆ ਵੀ ਹਾਜ਼ਰ ਰਹੇ। ਮੀਟਿੰਗ ਉਪਰੰਤ ਸੰਯੁਕਤ ਡਾਇਰੈਕਟਰ ਆਰ. ਪੀ. ਸਿੰਘ ਨੇ ਸਕੂਲ ਆਫ਼ ਐਮੀਨੈਂਸ ਜਲਾਲਾਬਾਦ ਵਿਖੇ ਚੱਲ ਰਹੇ ਸਿਖਲਾਈ ਕੈਂਪ ਦਾ ਨਿਰੀਖਣ ਕੀਤਾ ਅਤੇ ਆਪ ਵੀ ਗਿਣਤੀਕਾਰਾਂ ਤੇ ਸੁਪਰਵਾਈਜ਼ਰਾਂ ਨਾਲ ਸੁਆਲ ਜੁਆਬ ਕੀਤੇ। ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਦੁਆਰਾ ਕਰਵਾਈ ਜਾ ਰਹੀ ਜਨਗਣਨਾ 2027 ਦਾ ਦੂਸਰਾ ਪੜਾਅ ਇੱਕ ਦਸੰਬਰ 2026 ਤੋਂ ਸ਼ੁਰੂ ਹੋ ਰਿਹਾ ਹੈ। ਇਕ ਪੜਾਅ ਦਸੰਬਰ ਤੋਂ ਸ਼ੁਰੂ ਹੋ ਕੇ ਚਾਰ ਜਨਵਰੀ 2027 ਤੱਕ ਚਲੇਗਾ ਤੇ 5 ਜਨਵਰੀ ਤੋਂ 9 ਜਨਵਰੀ 2027 ਤੱਕ ਦੁਹਰਾਈ ਸਮਾਂ ਹੋਵੇਗਾ। ਜਿੱਥੇ ਅਸੀਂ ਪਹਿਲੇ ਪੜਾਅ ਦੁਆਰਾ ਘਰਾਂ ਤੇ ਮੈਂਬਰਾਂ ਦੀ ਗਿਣਤੀ ਕੀਤੀ, ਉਥੇ ਹੀ ਦੂਸਰੇ ਪੜਾਅ ਦੌਰਾਨ ਸਾਰੇ ਮੈਂਬਰਾਂ ਦੀ ਵਿਸਥਾਰਪੂਰਵਕ ਜਾਣਕਾਰੀ ਇਕੱਠੀ ਕੀਤੀ ਜਾਏਗੀ। ਇਥੇ ਇਹ ਵੀ ਵਰਨਣਯੋਗ ਹੈ ਕਿ ਇਹ ਜਨਗਣਨਾ ਪੂਰੀ ਤਰ੍ਹਾਂ ਡਿਜੀਟਲ ਹੋਵੇਗੀ ਤੇ ਮੋਬਾਇਲ ਐਪ ਰਾਹੀਂ ਕੀਤੀ ਜਾਏਗੀ। ਸੰਯੁਕਤ ਡਾਇਰੈਕਟਰ ਆਰ. ਪੀ. ਸਿੰਘ ਦੁਆਰਾ ਸਿਖਲਾਈ ਕੈਂਪਾਂ ਦੇ ਪ੍ਰਬੰਧ 'ਤੇ ਤਸੱਲੀ ਪ੍ਰਗਟ ਕੀਤੀ ਗਈ। ਇਸ ਮੌਕੇ ਤਹਿਸੀਲਦਾਰ ਸੁਖਚਰਨ ਸਿੰਘ, ਮਨੋਜ ਕੁਮਾਰ, ਰੁਪਿੰਦਰ ਖੇੜਾ, ਡਾ. ਰੋਹਿਤ ਠੱਕਰ, ਰਿਸ਼ੀ ਠੱਕਰ, ਬਲਦੇਵ ਸਿੰਘ, ਰਮਨਦੀਪ ਦਰਗਨ, ਨਵੀਂਨ ਕਾਲੜਾ, ਤਕਨੀਕੀ ਟੈਕਨੀਸ਼ੀਅਨ ਸੁਰਜੀਤ ਸਿੰਘ ਤੇ ਜਸਕਰਨ ਸਿੰਘ ਸਮੇਤ ਦਫ਼ਤਰੀ ਸਟਾਫ਼ ਹਾਜ਼ਰ ਸੀ।

